
ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਪਟਿਆਲਾ

ਕਲਗੀਧਰ ਨੰਬਰ




ਜਨਵਰੀ ੧੯੬੭

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ | ੪ | ਸੰਪਾਦਕ |
| ੨. | ਸ੍ਰੀ ਗੁਰੂ ਦਸਮੇਸ਼ ਪਿਤਾ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. | ਦਸਮੇਸ਼ ਜੀ ਦੀ ਜੀਵਨ ਵਚਿਤ੍ਰਤਾ | ੧੦ | ਭਾਈ ਮਨਮੋਹਨ ਸਿੰਘ ਜੀ *M. Sc.* ਜੈਪੁਰ |
| ੪. | ਸਾਡੇ ਧਰਮ ਦੇ ਆਧਾਰ | ੧੫ | ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ੍ਹ |
| ੫. | ਗੁਰਮਤਿ ਵਿਚ ਸ਼ਾਂਤ ਰਸ | ੨੦ | ਪ੍ਰੋ. ਗੁਰਮੁਖ ਸਿੰਘ ਜੀ *M. A.* ਪਟਿਆਲਾ |
| ੬. | ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ | ੨੩ | ਭਾ. ਜਗਜੀਤ ਸਿੰਘ ਪ੍ਰਧਾਨ ਪੰਜਾਬ ਖਾਲਸਾ ਦਲ ਪਟਿਆਲਾ। |
| ੭. | ਖਾਲਸੋ ਬੇ-ਕੀਨਾ ਗੁਰੂ ਗੋਬਿੰਦ ਸਿੰਘ | ੨੫ | ਮਾਸਟਰ ਨਿਹਾਲ ਸਿੰਘ ਜੀ ਬੰਬਈ |
| ੮. | ਸਹੁਰੇ ਦਾ ਸਿਖ | ੨੭ | ਭਾਈ ਮਾਲਿਕ ਸਿੰਘ ਜੀ *B. Sc.* ਕਾਨਪੁਰ |
| ੯. | ਵਾਹੁ ਵਾਹੁ ਤੇ ਕੀਰਤਨ | ੩੦ | ਭਾਈ ਸਤਿਨਾਮ ਸਿੰਘ ਜੀ ਲੁਧਿਆਣਾ |
| ੧੦. | ਜਿਨ ਪ੍ਰੇਮ ਕੀਓ............ | ੩੪ | ਇਕ ਗੁਰਮਤ ਖੋਜੀ ਦੀ ਕਲਮ ਤੋਂ |
| ੧੧. | ਗੁਰਮਤਿ ਦੇ ਝਰੋਖੇ ਤੋਂ | ੩੭ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੨. | ਅੰਮ੍ਰਿਤ ਵੇਲਾ | ੪੦ | ਡਾ: ਤੇਜਇੰਦਰ ਸਿੰਘ ਜੀ ਭੁਪਾਲ |
| ੧੩. | ਕੀਰਤਨ ਪ੍ਰਭਾਵਸ਼ਾਲੀ ਕਿੰਜ ਬਣੇ | ੪੩ | ਭਾਈ ਅਮ੍ਰੀਕ ਸਿੰਘ ਜੀ *B. A.* ਬੜੋਦਾ |
| ੧੪. | ਅਨੋਖੀ ਪੂਜਾ | ੪੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ੧੫. | ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ | ੫੧ | ਰਪੋਟਰ ਸੂਰਾ |


## ਭੁਲ ਦੀ ਸੋਧ

ਦਾਸ ਦੇ ਲੇਖ ਥਲੇ 'ਮਾਸਟਰ ਨਿਹਾਲ ਸਿੰਘ ਇਨਚਾਰਜ ਲੋ: ਕ: ਚੀਫ਼ ਖਾ: ਦੀਵਾਨ ਬੰਬਈ' ਛਪ ਗਿਆ ਹੈ। ਦਾਸ ਕਮੇਟੀ ਦਾ ਨਿਮਾਣਾ ਆਨਰੇਰੀ (ਇਨਚਾਰਜ ਧਾਰਮਕ ਸੈਂਟਰਜ਼) ਸੇਵਕ ਹੈ। ਭੁਲ ਸੋਧ ਲਵੋ ਜੀ।

(ਦਾਸ—ਨਿਹਾਲ ਸਿੰਘ)

## * 'ਸੂਰਾ' ਦਾ ਸਾਲਾਨਾ ਚੰਦਾ *

ਦੇਸ ੬) ਰੁਪਏ　　ਪ੍ਰਦੇਸ ੧੦) ਰੁਪਏ

ਲਾਈਫ਼ ਮੈਂਬਰ— ੧੫੦) ਰੁਪਏ　　ਇਕ ਕਾਪੀ ੬੦ ਪੈਸੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥





ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੨ ਪੋਹ—ਮਾਘ ੪੯੯ ਨਾਨਕ ਸ਼ਾਹੀ ਅੰਕ ਨੰ: ੧੨


ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ, ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ, ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ ॥

(ਬਾਰਹ ਮਾਹਾ ਮਾਝ ਮਹਲਾ ੫ ਘਰੁ ੪)


ਆਨਰੇਰੀ ਐਡੀਟਰ :
ਮਨੋਹਰ ਸਿੰਘ


## ਕਲਗੀਧਰ ਨੰਬਰ


ਜਨਵਰੀ ੧੯੬੯

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾਕੇ ਦਫਤਰ 'ਸੂਰਾ' ਰਾਘੋਮਾਜਰਾ, ਪਟਿਆਲਾ ਤੋਂ ੫ ਜਨਵਰੀ ੧੯੬੯ ਨੂੰ ਪ੍ਰਕਾਸ਼ਤ ਕੀਤਾ ।



www.AKJ.Org




ਸ੍ਰੀ ਗੁਰੂ ਦਸਵੇਂ ਸਰੂਪ ਜੀ ਦੇ ਪ੍ਰਕਾਸ਼ ਪੁਰਬ ਦੀ ਸਭ ਸੰਗਤ ਮਾਈ ਭਾਈ ਨੂੰ ਵਧਾਈ ਹੋਵੇ ।

ਅਜ ਤਕ ਸਿਖ ਪੰਥ ਵਿਚ ਇਹ ਪ੍ਰਚਲਿਤ ਹੈ ਕਿ ਸਤਿਗੁਰਾਂ ਦੇ ਚਾਰ ਹੀ ਸਾਹਿਬਜ਼ਾਦੇ ਸਨ ਅਤੇ ਚਾਰੇ ਲਾਲ ਪੰਥ ਲਈ ਸ਼ਹੀਦ ਹੋ ਗਏ, ਪਰ ਇਕ ਪੰਜਵਾਂ ਲਾਲ ਵੀ ਸੀ, ਜਿਸਦਾ ਜ਼ਿਕਰ ਆਮ ਸਿਖ ਸੰਗਤਾਂ ਤਕ ਪਹੁੰਚਦਾ ਤਾਂ ਹੈ ਪਰ ਉਸਨੂੰ ਅਜੇ ਤੀਕ ਪੰਥ ਨੇ ਪੂਰਨ ਤੌਰ ਤੇ ਨਾ ਤਾਂ ਉਹ ਸਨਮਾਨ ਦਿਤਾ ਹੈ ਨਾ ਹੀ ਸਾਨੂੰ ਅਜ ਤਕ ਇਹ ਪਤਾ ਲਗ ਸਕਿਆ ਹੈ ਕਿ ਉਸ ਪੰਜਵੇਂ ਪੁਤਰ ਦਾ ਕੀ ਹੋਇਆ ਜੋ ਸ੍ਰੀ ਸਤਿਗੁਰਾਂ ਨੇ ਨੌਂ ਸਾਲ ਦੀ ਉਮਰ ਵਿਚ ਗਲਵਕੜੀ ਪਾ ਕੇ ( *adopt* ) ਪੁਤਰ ਥਾਪਿਆ, ਜਿਵੇਂ ਅਕਾਲ ਪੁਰਖ ਨੇ ਆਪ ਨੂੰ ਨਿਵਾਜਿਆ ਸੀ — **"ਰੰਗਰੇਟਾ ਗੁਰੂ ਕਾ ਬੇਟਾ ।"**

ਇਹ ਰੰਗਰੇਟਾ ਸਾਹਿਬਜ਼ਾਦਾ ਕੌਣ ਸੀ ?

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿਲੀ ਤੋਂ ਅੰਨਦਪੁਰ ਸਾਹਿਬ ਪਹੁੰਚਾਉਣ ਤੋਂ ਬਾਦ ਆਪ ਕਿਨਾ ਚਿਰ ਜੀਵੇ, ਕਿਥੇ ਰਹੇ, ਸਤਿਗੁਰਾਂ ਨਾਲ ਆਪ ਜੀ ਨੇ ਕਿਹੜੇ ੨ ਜੰਗਾਂ ਜੁਧਾਂ ਵਿਚ ਹਿੱਸਾ ਲਿਆ ਇਹ ਸਭ ਕੁਝ ਅਜੇ ਖੋਜ ਦਾ ਮੁਹਤਾਜ ਹੈ । ਕੀ ਸਾਡੇ ਵਿਚੋਂ ਕੋਈ ਅਜਿਹਾ ਖੋਜੀ ਵੀਰ ਨਹੀਂ ਜੋ ਉਦਮ ਕਰਕੇ ਰੰਗਰੇਟੇ ਗੁਰੂ ਕੇ ਬੇਟੇ ਦਾ ਜੀਵਨ ਸੰਗਤਾਂ ਦੇ ਪੇਸ਼ ਕਰ ਸਕੇ ?

ਆਪ ਇਕ ਨਾਟਕੀ ਢੰਗ ਨਾਲ ਸਿਖ ਇਤਿਹਾਸ ਵਿੱਚ ਛੋਟੇ ਜਿਹੇ ਪਾਤਰ ਦੇ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ ਕਿ ਕਿਵੇਂ ਆਪ ਸ੍ਰੀ ਸਤਿਗੁਰਾਂ ਦਾ ਸੀਸ ਚਾਂਦਨੀ ਚੌਂਕ ਦਿਲੀ ਤੋਂ ਪੈਦਲ ਲੁਕਦੇ ਲੁਕਾਉਂਦੇ, ਮੁਗਲਾਂ ਦੀ ਕਹਿਰ ਭਰੀ ਅੱਖ ਤੋਂ ਬਚਦੇ ਬਚਾਉਂਦੇ ਸ੍ਰੀ ਅੰਨਦਪੁਰ ਸਾਹਿਬ ਆਕੇ ਸ੍ਰੀ ਗੁਰੂ ਜੀ ਨੂੰ ਸਾਰੀ ਵਿਥਿਆ ਸੁਣਾਉਂਦੇ ਹਨ ।

ਉਸ ਤੋਂ ਬਾਦ ਆਪ ਦਾ ਕੋਈ ਪਤਾ ਨਹੀਂ ਲਗਦਾ । ਸਾਡਾ ਇਹ ਵਿਸ਼ਵਾਸ ਹੈ ਕਿ ਜਿਸ ਜਨ ਉਪਰ ਗੁਰਦੇਵ ਨੇ ਇਤਨੀ ਨਦਰ ਕਰ ਦਿਤੀ ਕਿ ਮੌਜ ਵਿੱਚ ਆਕੇ ਆਪਣਾ ਬੇਟਾ ਹੀ ਬਣਾ ਲਿਆ, ਉਸ ਮਹਾਂਪੁਰਖਾਂ ਨੇ ਜ਼ਰੂਰ ਕੋਈ ਹੋਰ ਵੀ ਉੱਘੀ ਸੇਵਾ ਕੀਤੀ ਹੋਵੇਗੀ । ਕੀ ਚੰਗਾ ਹੋਵੇ ਕਿ ਸਾਡੇ ਸਿਖ ਇਤਿਹਾਸਕਾਰ ਸ੍ਰੀ ਸਤਿਗੁਰਾਂ ਦੇ ਪੰਜਵੇਂ ਬੇਟੇ ਬਾਰੇ ਵੀ ਕੋਈ ਖੋਜ ਕਰਨ ਤੇ ਸੰਗਤਾਂ ਦੀਆਂ ਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ।



www.AKJ.Org

# ਅਖੰਡ ਕੀਰਤਨ ਸਮਾਗਮ ਕੋਟਾ (ਰਾਜਿਸਥਾਨ)

ਸਰਬਤ ਸੰਗਤਾਂ ਨੂੰ ਵਿਦਿਤ ਹੋਵੇ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਵਲੋਂ ੨੩, ੨੪, ੨੫ ਤੇ ੨੬ ਫਰਵਰੀ ੧੯੬੮ ਸ਼ੁਕਰ, ਸਨਿਚਰ, ਐਤ ਤੇ ਸੋਮਵਾਰ ਨੂੰ ਕੋਟਾ (ਰਾਜਿਸਥਾਨ) ਵਿਖੇ ਕੀਰਤਨ ਸਮਾਗਮ ਹੋਣਾ ਨੀਯਤ ਹੋਇਆ ਹੈ। ਸਮੂਹ ਸੰਗਤਾਂ ਅਗੇ ਜੋਦੜੀ ਹੈ ਕਿ ਹੁਮ ਹੁਮਾ ਕੇ ਇਨ੍ਹਾਂ ਅਦੁਤੀ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਲਾਹਾ ਲੈਣ।

## * ਪਰੋਗ੍ਰਾਮ *

| ਸਵੇਰੇ— | ਸ਼ਾਮ— |
|---|---|
| (੧) ਕੀਰਤਨ ਆਸਾ ਦੀ ਵਾਰ—੫ ਵਜੇ ਸਵੇਰੇ। | ਸ਼ਾਮ—ਪਾਠ ਰਹਿਰਾਸ ਸਾਹਿਬ ਤੇ ਕੀਰਤਨ |
| ੨੩-੨-੬੮ ਸ਼ੁਕਰਵਾਰ ਗੁ: ਕੋਟਾ ਜੰਕਸ਼ਨ। | ੬-੩੦ ਤੋਂ ੯-੦੦ ਤਕ। ਗੁਰਦਵਾਰਾ |
| ੨੪-੨-੬੮ ਸਨਿਚਰਵਾਰ ਗੁ: ਕੋਟਾ ਜੰਕਸ਼ਨ। | ਕੋਟਾ ਜੰਕਸ਼ਨ। |
| ੨੫-੨-੬੮ ਐਤਵਾਰ ਗੁ: ਕੋਟਾ ਜੰਕਸ਼ਨ। | ਪਾਠ ਰਹਿਰਾਸ ਸਾਹਿਬ ਤੇ ਕੀਰਤਨ ਗੁ: ਗੁਮਾਨ ਪੁਰਾ ਸਾਹਿਬ ਕੋਟਾ। |

(੨) ਕੀਰਤਨ ਰੈਣ ਸਬਾਈ ੨੫-੨-੬੮ ਐਤਵਾਰ ੮-੩੦ ਵਜੇ ਰਾਤ ਤੋਂ ੨੬-੨-੬੮ ਸੋਮਵਾਰ ੬-੩੦ ਵਜੇ ਸਵੇਰੇ ਤਕ ਗੁਰਦਵਾਰਾ ਕੋਟਾ ਜੰਕਸ਼ਨ ਵਿਖੇ ਹੋਵੇਗਾ।

(੩) ਅੰਮ੍ਰਿਤ ਸੰਚਾਰ ੨੫ ਫਰਵਰੀ ੧੯੬੮ ਐਤਵਾਰ ਗੁਰਦਵਾਰਾ ਕੋਟਾ ਜੰਕਸ਼ਨ ਵਿਖੇ ਸ਼ਾਮ ਦੇ ਤਿੰਨ ਵਜੇ ਸ਼ੁਰੂ ਹੋਵੇਗਾ। ਅੰਮ੍ਰਿਤ ਅਭਲਾਖੀ ਸਜਣ ਗੁਰ-ਮਰਯਾਦਾ ਅਨੁਸਾਰ ਰਹਿਤ ਸਹਿਤ ਸਮੇਂ ਸਿਰ ਪੁਜ ਕੇ ਇਸ ਅਦੁਤੀ ਦਾਤ ਦੇ ਛਾਂਦੇ ਲੈਣ।

**ਨੋਟ**— ੧. ਲੋੜ ਅਨੁਸਾਰ ਪਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ। ੨. ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਜ਼ਰੂਰ ਨਾਲ ਲਿਆਉਣ ਦੀ ਕ੍ਰਿਪਾ ਕਰਨ। ੩. ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ਗੁਰਦੁਵਾਰਾ ਕੋਟਾ ਜੰਕਸ਼ਨ ਵਿਖੇ ਹੋਵੇਗਾ।

ਦਾਸਰੇ—ਸੰਗਤ, ਕੋਟਾ (ਰਾਜਿਸਥਾਨ)

# ਦਾਨੀ ਸਜਣਾਂ ਦਾ ਧੰਨਵਾਦ !

| | |
|---|---|
| ਪ੍ਰੰਸੀਪਲ ਵੋਮੈਨ ਕਾਲਜ ਪਟਿਆਲਾਂ | 36—00 |
| ਭਾਈ ਹਰਚਰਨ ਸਿੰਘ *C/o 56 A.P.O.* | 10—00 |
| ਇਕ ਗੁਰਮੁਖ ਪਿਆਰਾ ਗੁਪਤ | 51—00 |
| ਬਾਵਾ ਰਤਨ ਸਿੰਘ ਜੀ ਕਰੋਲ ਬਾਗ ਨਿਊ ਦਿਲੀ | 11—00 |



www.AKJ.Org

# ਸਾਲਾਨਾ ਕੀਰਤਨ ਸਮਾਗਮ, ਪਟਿਆਲਾ

ਸਰਬੱਤ ਸੰਗਤਾਂ ਦੇ ਚਰਨਾਂ ਵਿਖੇ ਜੋਦੜੀ ਹੈ ਕਿ ਸਦਾ ਵਾਂਗ ਇਸ ਸਾਲ ਵੀ ਪਟਿਆਲਾ ਵਿਖੇ ੮, ੯ ਅਤੇ ੧੦ ਫਰਵਰੀ ੧੯੬੮ ਨੂੰ ਬੜਾ ਭਾਰੀ ਅਖੰਡ ਕੀਰਤਨ ਸਮਾਗਮ ਹੋ ਰਿਹਾ ਹੈ, ਸੋ ਸਰਬਤ ਸੰਗਤਾਂ ਹੁਣ ਤੋਂ ਹੀ ਪਟਿਆਲੇ ਸਮਾਗਮ ਦੀਆਂ ਤਿਆਰੀਆਂ ਆਰੰਭ ਦੇਣ, ਪੂਰਾ ਪ੍ਰੋਗਰਾਮ ਸੰਗਤਾਂ ਤਾਈਂ ਫਿਰ ਪੁਜੇਗਾ।

ਨੋਟ:—ਹਿੰਦੁਸਤਾਨ ਭਰ ਦੇ ਜਥੇ ਦੇ ਸਿੰਘਾਂ ਅਗੇ ਜੋਦੜੀ ਹੈ ਕਿ ਉਪ੍ਰੋਕਤ ਸਮਾਗਮ ਦੀਆਂ ਤਾਰੀਖ਼ਾਂ ਵਿਚ ਕਿਤੇ ਵੀ ਕੋਈ ਹੋਰ ਸਮਾਗਮ, ਅਖੰਡ ਪਾਠ ਜਾਂ ਅਨੰਦ ਕਾਰਜ ਆਦਿ ਨਾ ਰਖੇ ਜਾਣ, ਤਾਕਿ ਅਸੀਂ ਸਾਰੇ ਇਕਠੇ ਹੋਕੇ ਸੱਚੇ ਪਾਤਸ਼ਾਹ ਦੀ ਗੋਦ ਵਿਚ ਬੈਠਕੇ ਕੀਰਤਨ ਦੇ ਲਾਹੇ ਲੈ ਸਕੀਏ। ਸੰਗਤਾਂ ਦੀ ਚਰਨ ਧੂੜੀ ਦੇ ਜਾਚਕ—ਅਖੰਡ ਕੀਰਤਨੀ ਜਥਾ, ਪਟਿਆਲਾ

**ਸੂਚਨਾ**--ਪਵਿਤ੍ਰ ਗੁਰਧਾਮਾਂ ਦੀ ਯਾਤਰਾ ਸਮੇਂ ਇਕ ਗਰੁਪ ਫ਼ੋਟੋ ਪੂਨਾ ਵਿਖੇ ਲਈ ਗਈ ਸੀ। ਇਸਦੀ ਭੇਟਾ ਕੇਵਲ ਛੇ ਰੁਪੈ ਸਮੇਤ ਡਾਕ ਖ਼ਰਚ ਹੈ। ਲੋੜਵੰਦ ਸਜਨ ਹੇਠ ਲਿਖੇ ਪਤੇ ਤੇ ਮਾਇਆ ਭੇਜ ਕੇ ਮੰਗਵਾ ਸਕਦੇ ਹਨ। ਪਤਾ—ਮੈਨੇਜਰ 'ਸੂਰਾ' ਰਾਘੋਮਾਜਰਾ, ਪਟਿਆਲਾ

## ਇਸ ਮਹੀਨੇ ਵਿਚ ਗੁਰਪੁਰਬ

| | |
|---|---|
| ਪਾਤਸ਼ਾਹੀ ਦਸਵੀਂ ਅਵਤਾਰ ਧਾਰਿਆ | ੬ ਜਨਵਰੀ |
| ਸ਼ਹੀਦੀ ੪੦ ਮੁਕਤਿਆਂ ਦੀ | ੧੪ ਜਨਵਰੀ |


## ਸਾਨੂੰ ਦਰਸ਼ਨ ਦਿਉ !

ਹਰ ਤਰ੍ਹਾਂ ਦੇ ਸਿਮਰਨੇ ਅਤੇ ਮਾਲਾ: ਸਟੀਲ ਤੇ ਲੋਹੇ ਦੇ, ਚਕਰੀਆਂ ਵਡੀਆਂ ਛੋਟੀਆਂ, ਸਟੋਰਾਂ, ਜੋੜਿਆਂ ਅਤੇ ਸਾਈਕਲਾਂ ਆਦਿ ਲਈ ਅਲਮੋਨੀਅਮ ਦੇ ਟਿਕਟ ਵਖ ਵਖ ਸਾਈਜ਼ਾਂ ਵਿਚ ਆਰਡਰ ਦੇ ਕੇ ਬਣਵਾਉ।

### ਖਾਲਸਾ ਨਿਸ਼ਾਨ ਮੇਕਰਜ਼

(ਪ੍ਰੋਪਰਾਈਟਰ ਕਿਰਪਾਲ ਸਿੰਘ)

੯੦ ਲਾਲ ਕਵਾਟਰ, ਅਜ਼ਾਦ ਨਗਰ ਮਾਰਕੀਟ, ਲੁਧਿਆਣਾ—੩

ਨੋਟ—ਆਪ ਜੀ ਹੇਠ ਲਿਖੇ ਐਡਰੈਸਾਂ ਤੇ ਇਸ ਸਬੰਧੀ ਮਿਲ ਸਕਦੇ ਹੋ।

੧. ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ-੩
੨. ਖਾਲਸਾ ਬ੍ਰਦਰਜ਼ ਮਾਈ ਸੇਵਾਂ, ਅੰਮ੍ਰਿਤਸਰ।
੩. ਖਾਲਸਾ ਨਿਸ਼ਾਨ ਸਟੋਰ, ਮਾਈਸੇਵਾਂ, ਅੰਮ੍ਰਿਤਸਰ।


"ਸੂਰਾ" ਪਟਿਆਲਾ ਦੇ ਸਮੂਹ ਪਾਠਕਾਂ ਅਤੇ ਖਾਲਸਾ ਪੰਥ ਨੂੰ ਸਟਾਫ਼ ਸੂਰਾ ਵਲੋਂ ਕਲਗੀਧਰ ਦਸਮੇਸ਼ ਪਿਤਾ ਦੇ ਗੁਰਪੁਰਬ ਦੀ ਲੱਖ ਲੱਖ ਵਧਾਈ ਹੋਵੇ।

www.AKJ.Org

# ਸ੍ਰੀ ਗੁਰੂ ਦਸਮੇਸ਼ ਪਿਤਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਿਨ੍ਹਾਂ ਜਨਾਂ ਨੂੰ ਪ੍ਰਮਾਰਥ ਦੇ ਸੱਚੇ ਰੰਗਾਂ ਦਾ ਪ੍ਰੇਮ ਰੰਗ ਨਹੀਂ ਚੜ੍ਹਿਆ ਉਹ ਕੀ ਜਾਣਨ ਸਾਰ ਸੱਚੀ ਸਾਂਝੀਵਾਲਤਾ ਦੀ। ਇਸ ਜ਼ਮਾਨੇ ਦੇ ਚਾਰ ਦਿਵਸੀ ਚੋਜਾਂ ਅੰਦਰ ਜਿਨ੍ਹਾਂ ਨੂੰ ਧੁਰ ਧੁਰੰਦਰੋਂ ਆਈ ਸੱਚੀ ਸਾਂਝੀਵਾਲਤਾ ਦਾ ਰੰਗ ਨਹੀਂ ਚੜ੍ਹਿਆ ਉਹ ਇਸ ਓਪਰੀ ਜਿਹੀ ਨਾਸਤਕਤਾ ਦੇ ਹੋਛੇ ਰੰਗਾਂ ਵਿਚ ਹੀ ਮੁੱਠੇ ਜਾਂਦੇ ਹਨ ਓੜਕ ਉਹ ਨਾਸਤਕਾਂ ਦੇ ਮੰਡਲ ਵਿਚ ਹੀ ਫਿਰਨ ਲੱਗ ਪੈਂਦੇ ਹਨ। ਪ੍ਰੰਤੂ ਯਾਦ ਰਹੇ ਕਿ ਇਹ ਹੋਛੀ ਠਗਮੂਰੀ ਖਾ ਕੇ ਠੱਗੇ ਹੋਏ ਮੁੜ ਘਿੜ ਕੇ ਫੇਰ ਗੇੜਾ ਖਾ ਕੇ ਗੁਰੂ ਘਰ ਵਿਚ ਆਵਣਗੇ ਜਿਨ੍ਹਾਂ ਨੇ ਬੜੇ ਦਰਦ ਵਿਚ ਆ ਕੇ ਦਰਦ-ਸੁਨੇਹੇ ਲਿਖੇ ਸਨ। ਉਹ ਜ਼ਮਾਨੇ ਦੀ ਹਵਸ ਅਨੁਸਾਰ ਚਾਹੇ ਕੁਛ ਕਾਲ ਲਈ ਨਾਸਤਕਤਾ ਦਾ ਗੇੜ ਖਾ ਕੇ ਗੁਰੂ ਘਰ ਦੀ ਸੱਚੀ ਸਾਂਝੀਵਾਲਤਾ ਤੋਂ ਦੂਰ ਹੋ ਗਏ ਹਨ ਜਿਸ ਦਿਨ ਵੀ ਇਹ ਗੇੜ ਮੁਕ ਗਿਆ ਜ਼ਰੂਰ ਪਰ ਜ਼ਰੂਰ ਮੁੜ ਆਵਣਗੇ। ਇਹ ਨਾਸਤਕਤਾ ਦੀ ਹਵਾ ਚਾਰ ਦਿਨ ਵਾਸਤੇ ਵਗੀ ਹੈ ਅਤੇ ਇਸ ਜ਼ਮਾਨੇ ਦੇ ਗੇੜ ਅੰਦ੍ਰ ਜਦੋਂ ਵੀ ਮੁਕਗਈ ਓਹ ਸਣੇ ਨਾਸਤਕਤਾ ਦਾ ਪ੍ਰਚਾਰ ਕਰਨ ਦੇ ਸੱਚੀ ਸਾਂਝੀ-ਵਾਲਤਾ ਨੂੰ ਗ੍ਰਹਿਣ ਕਰ ਲੈਣਗੇ। ਹੁਣ ਤਾਂ ਕਰਾੜਾਂ ਬ੍ਰਾਹਮਣਾਂ ਦੇ ਪੈਰ ਹੇਠ ਬਟੇਰਾ ਆਵਣ ਦੀ ਕਹਾਵਤ ਅਨੁਸਾਰ ਸਾਰੇ ਹੀ ਸ਼ਿਕਾਰੀ ਬਣ ਬੈਠੇ ਹਨ। ਜਦੋਂ ਵੀ ਸਮਾਂ ਆ ਗਿਆ ਤਾਂ ਇਕ ਵਾਰੀ ਹੀ ਸਾਰੇ ਨਾਸਤਕ ਦੇ ਪੁਜਾਰੀਆਂ ਸਮੇਤ ਮੁੜ ਘਿੜ ਕੇ ਸੱਚੀ ਸਾਂਝੀਵਾਲਤਾ ਦਾ ਰਸ ਚਖਣਗੇ। ਇਹ ਕਹਿਣਾ ਬਿਲਕੁਲ ਹੀ ਗਲਤ ਹੈ ਕਿ ਸ੍ਰੀ ਦਸਮੇਸ਼ ਪਿਤਾ ਜੀ ਦੀ ਸਾਂਝੀਵਾਲਤਾ ਪਹਿਲੇ ਗੁਰੂ ਸਾਹਿਬ ਤੋਂ ਵਿਲਖਣ ਸੀ। 'ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ'। ਵਾਲੀ ਸਪ੍ਰਿਟ ਤਾਂ ਹੁਣ ਵੀ ਦਸਮੇਸ਼ ਪਿਤਾ ਦੇ ਪ੍ਰਚਾਰ ਅੰਦਰ ਮੌਅਜਜ਼ਨ ਹੈ। ਸੋ ਸ੍ਰੀ ਦਸਮੇਸ਼ ਪਿਤਾ ਹੀ ਹੁਣ ਵੀ ਸੱਚੀ ਸਾਂਝੀਵਾਲਤਾ ਦੀ ਸਪ੍ਰਿਟ ਦੇ ਵਿਸਥਾਰ ਕਰਤਾ ਹਨ। ਜਿਉਂ ਜਿਉਂ ਅੰਨੇ ਆਗੂਆਂ ਵਾਂਗੂ ਉਨ੍ਹਾਂ ਦੇ ਪਿਛ-ਲੱਗਾਂ ਨੂੰ ਸੁਰਤ ਆਉਂਦੀ ਗਈ ਤਿਉਂ ਤਿਉਂ ਉਹ ਆਪੇ ਹੀ ਸੱਚਾ ਪਸਚਾਤਾਪ ਕਰਕੇ ਮੁੜ ਗੁਰੂ ਘਰ ਵਿਚ ਆਵਣਗੇ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਜ ਦੀ ਚਲ ਰਹੀ ਲਹਿਰ ਵਿਚ ਘੁਘੂ ਮਟ ਵਾਸੀਆਂ ਨੂੰ ਕੁਝ ਸੁਝਦਾ ਬੁਝਦਾ ਨਹੀਂ, ਪਰ ਸਮਾਂ ਆਵਣ ਵਾਲਾ ਹੈ ਕਿ ਸਭ ਨੂੰ ਸੂਝ ਬੂਝ ਆ ਜਾਵੇਗੀ। ਸ੍ਰੀ ਦਸਮੇਸ਼ ਜੀ ਵਾਸਤਵ ਵਿਚ ਸੱਚੀ



www.AKJ.Org

ਅਤੇ ਸੁਚੀ ਸਾਂਝੀਵਾਲਤਾ ਦੇ ਆਦੀ ਹਨ ਅਤੇ ਉਹਨਾਂ ਦੀ ਵਿਸਥਾਰ ਕੀਤੀ ਹੋਈ ਲਹਿਰ ਜ਼ਰੂਰ ਆਪਣਾ ਰੰਗ ਲਿਆਵੇਗੀ ਅਤੇ ਸਭ ਵਾਦੀਆਂ ਬੇਵਾਦੀਆਂ ਨੂੰ ਸਚੇ ਰਸਤੇ ਲਿਆਵੇਗੀ। ਅਜ ਕੱਲ ਇਹ ਰਿਵਾਜ ਹੀ ਹੋ ਗਿਆ ਹੈ ਕਿ ਜਣਾ ਖਣਾ ਉਠ ਕਮਯੂਨਿਸਟ ਬਣ ਬਹਿੰਦਾ ਹੈ। ਇਹ ਕਮਯੂਨਿਜ਼ਮ ਵੀ ਥੋੜੇ ਦਿਨਾਂ ਦੀ ਹੀ ਪ੍ਰਾਹੁਣੀ ਜਾਪਦੀ ਹੈ।

ਬਹੁਤਾ ਤਾਂ ਇਹ ਗੁਰੂ ਡੰਮ ਵਾਲੇ ਸੰਤਾਂ ਨੇ ਘਾਟਾ ਪਹੁੰਚਾਇਆ ਹੈ। ਸਾਨੂੰ ਅੱਛੀ ਤਰ੍ਹਾਂ ਯਾਦ ਹੈ, ਇਕ ਓਪਰਾ ਜਿਹਾ ਸੰਤ ਉਪਰੋਂ ਗੁਰੂ ਸੰਤ ਬਣਿਆ ਹੋਇਆ ਸੀ ਅੰਦਰੋਂ ਕਮਯੂਨਿਜ਼ਮ ਦਾ ਪ੍ਰਚਾਰ ਕਰਦਾ ਸੀ ਹੱਡੀ ਦਾ ਚਸਕਾ ਉਸਨੂੰ ਕਮਯੂਨਿਜ਼ਮ ਦਾ ਇਹੋ ਜਿਹਾ ਪਿਆ ਹੋਇਆ ਸੀ ਕਿ ਉਸ ਦੇ ਸੰਗ ਸਾਥ ਰਹਿਣ ਵਾਲੇ ਸਾਰੇ ਮੋਨੇ ਕਮਯੂਨਿਸਟ ਸਨ। ਉਪਰੋਂ ਉਪਰੋਂ ਸੰਤ ਡੰਮ੍ਹ ਦਾ ਪ੍ਰਚਾਰ ਕਰੀ ਜਾਂਦੇ ਸਨ ਕਿਉਂਕਿ ਉਨ੍ਹਾਂ ਦਾ ਸਰਦਾ ਨਹੀਂ ਅੰਦਰੋਂ ਪੁਜ ਕੇ ਵਡੇ ਕਮਜੂਨਿਸਟ ਸਨ।

ਇਨ੍ਹਾਂ ਗੁਰੂ ਡੰਮੀਆਂ ਨੇ ਸਾਂਝੀਵਾਲਤਾ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਸ੍ਰੀ ਦਸਮੇਸ਼ ਜੀ ਨੇ ਇਸ ਗੁਰੂ ਡੰਮ ਦਾ ਫਸਤਾ ਵੱਢ ਦਿੱਤਾ ਸੀ, ਪਰ:— "ਘਰ ਘਰ ਹੋਇ ਬਹੈਂਗੇ ਰਾਮਾ।'

ਤਿਨ ਤੇ ਸਰੇ ਨ ਕੋਊ ਕਾਮਾ।"

ਦੇ ਵਾਕ ਅਨੁਸਾਰ ਇਹ ਸੰਤ ਡੰਮ੍ਹੀਏ ਕੁਛ ਵੀ ਸਵਾਰ ਨਹੀਂ ਸਕਦੇ। ਸਿਵਾਏ ਇਸਦੇ ਕਿ ਢਾਹ ਲਾਈ ਹੋਈ ਹੈ ਗੁਰੂ ਦਸਮੇਸ਼ ਜੀ ਦੇ ਸਚੇ ਮਿਸ਼ਨ ਨੂੰ। ਇਹ ਸੰਤ ਡੰਮ੍ਹੀਏ ਗੁਰੂ ਦਸਮੇਸ਼ ਜੀ ਦੀ ਸੰਚਾਲਕ ਸਾਂਝੀਵਾਲਤਾ ਨੂੰ ਬੜੀ ਢਾਹ ਲਾ ਰਹੇ ਹਨ। ਇਹ ਆਪ ਹੀ ਖੈ ਹੋ ਜਾਣਗੇ। ਚਾਰ ਦਿਨ ਕੀ ਚਾਂਦਨੀ ਫੇਰ ਹਨੇਰੀ ਰਾਤ।

ਕਮਯੂਨਿਸਟਾਂ ਦੀ ਸਾਂਝੀਵਾਲਤਾ ਨਿਰੋਲ ਆਰਥਕ ਏਕਤਾ ਉਤੇ ਜ਼ੋਰ ਦਿੰਦੀ ਹੈ। ਸਾਰੀ ਫੌਜ ਦੇ ਸਿਪਾਹੀਆਂ ਨੂੰ ਜਾਂ ਕਿਸੇ ਦਫਤਰ ਦੇ ਕਲਰਕਾਂ ਨੂੰ ਇਕੋ ਜਿੰਨੀ ਤਨਖਾਹ ਮਿਲਦੀ ਹੈ, ਪਰ ਇਸ ਆਰਥਕ ਏਕਤਾ ਨਾਲ ਕੋਈ ਮਾਨਸਕ ਤੇ ਆਤਮਕ ਸਾਂਝੀਵਾਲਤਾ ਨਹੀਂ ਪੈਦਾ ਹੋ ਜਾਂਦੀ। ਤੱਤ ਸਾਂਝੀਵਾਲਤਾ 'ਖਾਲਸਾ' ਪੰਥ ਵਿਚ ਹੈ, ਜਿਥੇ ਕਿ ਗੁਰ ਸਿੱਖੀ ਵਿਚ ਕਦਮ ਰਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣੱਤ ਜਾਂ ਪਰਾਇਆ ਹਕ ਮਾਰਨ ਦੀ ਲਾਲਸਾ ਉਕੀ ਹੀ ਮਿਟ ਜਾਂਦੀ ਹੈ। ਵੈਰ ਵਿਰੋਧ ਤੇ ਖੁਦਗਰਜ਼ੀਆਂ ਦਾ ਨਿਸ਼ਾਨ ਨਹੀਂ ਰਹਿੰਦਾ।

ਹਰ ਪ੍ਰਾਣੀ ਮਾਤ੍ਰ ਵਿਚ ਹਰ ਜੀਵ ਵਿੱਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਦੀ ਜੋਤ ਨਜ਼ਰ ਆਉਂਦੀ ਹੈ। 'ਏਕ ਪਿਤਾ ਏਕਸ ਕੇ ਹਮ ਬਾਰਕ' ਵਾਲਾ ਰਿਸ਼ਤਾ ਉਸਦਾ ਸਾਰੀ ਮਾਨਵ ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬਤ ਦਾ ਭਲਾ ਚਾਹੁਣ ਵਾਲਾ ਖਾਲਸਾ ਸਾਰੀ ਸ੍ਰਿਸ਼ਟੀ ਦਾ ਦੁਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ ਓਥੇ ਉਹ ਧਰਮ ਤੇ ਸਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅਜ ਸਾਡੇ ਬਹੁਤ ਸਾਰੇ ਸਿਖ ਹੀ ਖੁੰਝੇ ਫਿਰਦੇ ਹਨ, ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਝੇ ਹਨ। ਕਮਿਊਨਿਜ਼ਮ



www.AKJ.Org

ਵਿਚ ਵੀ ਉਹ ਆਪਣਾ ਪੁਲੀਟੀਕਲ ਝੱਸ ਤੇ ਖਾਹਸ਼ਾਂ ਦੀ ਪੂਰਤੀ ਲਈ ਰਲਦੇ ਹਨ। ਉਨ੍ਹਾਂ ਦੀ ਮਾਨਸਕ ਤਸੱਲੀ ਜਾਂ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ। ਬਾਹਰੋਂ ਬਾਹਰੋਂ ਸਿੱਖ ਪੰਥ ਦੇ ਭਲੇ ਦੇ ਵੀ ਢੌਂਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਤਾਂ ਅੱਧੇ ਨਾਸਤਕ ਜ਼ਰੂਰ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਤੇ ਨਾਸਤਕ ਦਾ ਪਰਚਾਰ ਕਰਨਾ ਲੋੜਦੇ ਹਨ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ। ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇ ਗਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ। ਜ਼ੋਰ ਜ਼ੁਲਮ ਨਾਲ ਕਮਿਊਨਿਸਟ ਨਜ਼ਾਮ ਖੜਾ ਕਰਨਾ ਉਨ੍ਹਾਂ ਦਾ ਮੁਖ ਅਕੀਦਾ ਹੁੰਦਾ ਹੈ। ਜਿਥੇ ਜ਼ੋਰ ਜ਼ੁਲਮ ਹੋਵੇ ਉਥੇ ਸਚਾਈ ਕਾਹਦੀ ਧਰਮ ਕਾਹਦਾ, ਉਥੇ ਤਾਂ ਸਹਿਮ ਵਿਚ ਗੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿਤਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਏਸ ਸਾਂਝੀ-ਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼੍ਰੇਣੀ ਵਿਚੋਂ ਸਜੀਆਂ ਖਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗਲ ਸਲਤ਼ਨਤ ਦਾ ਤਖਤਾ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰਕੇ ਹਰ ਦੀਨ ਦੁਖੀ ਦੀ ਬਿਨਾਂ ਰਾਜਸੀ ਗਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸਥਾਈ ਸਾਂਝੀਵਾਲਤਾ ਹੋਈ ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

—o—

# ਸੂਰਾ ਅੰਕ

ਗੁਰਪੁਰਵਾਸੀ **ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਦੀ ਸਾਲਾਨਾ ਯਾਦ ਹਿਤ ਅਪਰੈਲ ੧੯੬੮ ਦਾ ਪਰਚਾ **"ਸੂਰਾ ਅੰਕ"** ਪ੍ਰਕਾਸ਼ਤ ਕੀਤਾ ਜਾਵੇਗਾ ਲੇਖਕ ਵੀਰਾਂ ਅਗੇ ਬੇਨਤੀ ਹੈ ਕਿ ਭਾਈ ਸਾਹਿਬ ਦੇ ਜੀਵਨ ਸਬੰਧੀ ਲੇਖ ਜਾਂ ਬਰਤਾਂਤ ਛੇਤੀ ਤੋਂ ਛੇਤੀ ਭੇਜਣ ਤਾਂ ਕਿ ਉਹ ਖਾਸ ਅੰਕ ਵਿਚ ਛਾਪੇ ਜਾ ਸਕਣ। ਜਿਹੜੇ ਗੁਰਮੁਖ ਪਿਆਰੇ ਅਜੇ ਤਕ ਸੂਰਾ ਦੇ ਮੈਂਬਰ ਨਹੀਂ ਬਣੇ ਉਹ ਵੀ **'ਸੂਰਾ ਅੰਕ'** ਜ਼ਰੂਰ ਪੜ੍ਹਨ ਦੀ ਖੇਚਲ ਕਰਨ।

ਦਾਸ

ਮੈਨੇਜਰ ਸੂਰਾ



www.AKJ.Org

# ਦਸਮੇਸ਼ ਜੀ ਦੀ ਜੀਵਨ ਵਚਿਤ੍ਰਤਾ

(ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਲੋਕ ਦੀ ਸਰੀਰਕ ਯਾਤ੍ਰਾ ਓਨੀ ਹੀ ਅਦਭੁਤ ਤੇ ਬਚਿਤ੍ਰ ਹੈ ਜਿਨੀ ਕਿ ਉਨ੍ਹਾਂ ਦੀ ਪੂਰਬਲੀ ਜੀਵਨ ਕੱਥਾ ਜਿਸ ਨੂੰ ਉਨ੍ਹਾਂ ਨੇ ਆਪ ਹੀ 'ਬਚਿਤ੍ਰ ਨਾਟਕ' ਦੇ ਵਿਸ਼ੇਸ਼ਨ ਨਾਲ ਸੰਬੋਧਨ ਕੀਤਾ ਹੈ। ਅਸਲ ਵਿਚ ਉਨ੍ਹਾਂ ਦੀ ਸੰਪੂਰਨ ਯਾਤ੍ਰਾ-ਆਦਿ ਤੋਂ ਲੈ ਕੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਹੋਕੇ ਵਿਚਰਨ ਤਕ-ਸਾਰੀ ਦੀ ਸਾਰੀ ਹੀ ਅਤਿ ਬਚਿਤ੍ਰ ਹੈ। ਇਸ ਜੀਵਨ ਸਬੰਧੀ ਤਾਂ ਸ੍ਰੀ ਗੁਰੂ ਜੀ ਦੀ ਜਨਮ ਸਾਖੀ ਪੜ੍ਹਨ ਤੇ ਅਲੌਕਿਕਤਾ ਆਪੇ ਹੀ ਸਪਸ਼ਟ ਰੂਪ ਵਿਚ ਪ੍ਰਗਟ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰਾਂ ਆਪ ਜੀ ਦੀ ਜੀਵਨ ਵਚਿਤ੍ਰਤਾ ਆਪ ਜੀ ਦੇ ਆਗਮਨ ਤੋਂ ਹੀ ਅਰੰਭ ਹੋ ਜਾਂਦੀ ਹੈ। ਭਾਵੇਂ ਆਪ ਜੀ ਨੂੰ ਗੁਰਗਦੀ ਦੀ ਜ਼ਿਮੇਦਾਰੀ ਅਨੰਦ ਪੁਰ ਸਾਹਿਬ ਵਿਖੇ ੯ ਸਾਲ ਦੀ ਆਯੂ ਵਿਚ ਸੌਂਪੀ ਗਈ ਪਰ ਪਟਨਾ ਸ਼ਹਿਰ ਵਿਖੇ ਭਵ ਲੈਂਦੇ ਸਾਰ ਹੀ ਆਪ ਜੀ ਵਿਚ ਸੱਚੀ ਗੁਰੱਤਾ ਪ੍ਰਵੇਸ਼ ਕਰ ਰਹੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਭ ਗੁਰੂ ਵਯਕਤੀਆਂ ਵਿਚ ਗੁਰ ਸ਼ਕਤੀ ਜਾਂ ਗੁਰੱਤਾ ਨੇ ਓਦੋਂ ਪ੍ਰਵੇਸ਼ ਕੀਤਾ ਸੀ ਜਦ ਉਨ੍ਹਾਂ ਨੂੰ ਮਰਯਾਦਾ ਅਨੁਸਾਰ ਗੁਰੱਤਾ ਦੀ ਬਖ਼ਸ਼ੀਸ਼ ਹੋਈ। ਓਸ ਸਮੇਂ ਤੋਂ ਪਹਿਲੇ ਉਹ ਪੂਰਨ ਗੁਰਸਿਖ ਹੁੰਦੇ ਹੋਏ ਸਮੇਂ ਦੇ ਸਤਿਗੁਰੂ ਜੀ ਦਾ ਹੁਕਮੀ ਬੰਦਾ ਬਣਕੇ ਸੇਵਾ ਜਾਂ ਤਪ ਆਦਿ ਘਾਲ ਕਮਾਈ ਵਿਚ ਹੀ ਰਹੇ। ਆਦਿ ਸਤਿਗੁਰੂ ਜੀ ਤੋਂ ਉਪ੍ਰੰਤ ਇਕ ਦਸਮੇਸ਼ ਪਿਤਾ ਜੀ ਦਾ ਜੀਵਨ ਹੀ ਐਸਾ ਹੈ ਕਿ ਆਪ ਨੇ ਜਨਮ ਤੋਂ ਹੀ ਗੁਰੱਤਾ ਦੇ ਕਾਰਜ ਅਰੰਭ ਕਰ ਦਿਤੇ। ਉਹ ਧੁਰੋਂ ਹੀ ਗੁਰੂ ਜਯੋਤੀ ਤੇ ਸ਼ਕਤੀ ਨੂੰ ਲੈਕੇ ਆਏ ਸਨ। ਪਟਨਾ ਸਾਹਿਬ ਵਿਖੇ ਹੋਏ ਸਾਰੇ ਕੌਤਕ ਆਪ ਜੀ ਦੀ ਸਚੀ ਗੁਰੱਤਾ ਦੇ ਲਖਾਇਕ ਹਨ ਹਾਲਾਂ ਕਿ ਉਥੇ ਦਾ ਸਾਰਾ ਸਮਾਂ ਆਪ ਜੀ ਦੇ ਗੁਰ ਗਦੀ ਤੇ ਬਿਰਾਜਮਾਨ ਹੋਣ ਤੋਂ ਪਹਿਲੇ ਦਾ ਹੈ। ਇਹ ਹੈ ਪਹਿਲੀ ਵਚਿਤ੍ਰਤਾ ਸ੍ਰੀ ਦਸਮੇਸ਼ ਜੀ ਦੇ ਜੀਵਨ ਦੀ।

ਇਸ ਤੋਂ ਉਪ੍ਰੰਤ ਆਪ ਜੀ ਦਾ ਸਾਰਾ ਜੀਵਨ ਇਕ ਅਜੀਬ ਸੰਗਰਾਮ ਭਰਿਆ ਜੀਵਨ ਹੈ। ਆਪ ਜੀ ਦਾ ਪਵਿਤ੍ਰ ਆਗਮਨ ਬਿਹਾਰ ਰਿਆਸਤ ਦੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਉਥੇ ਹੀ ਵਚਿਤਰ ਚੋਜ ਕਰਦਿਆਂ



www.AKJ.Org

ਬਿਤਾਇਆ। ਯੁਵਾ ਅਵਸਥਾ ਪੰਜਾਬ ਦੇ ਮੈਦਾਨਾਂ ਅਤੇ ਸ਼ਿਵਾਲਕ ਦੀ ਪਹਾੜੀਆਂ ਵਿਚ ਬਤੀਤ ਹੋਈ। ਅੰਤ ਵਿਚ ਜਦ ਪੰਚ ਭੂਤਕ ਸਰੀਰ ਨੂੰ ਤਿਆਗਨ ਦਾ ਸਮਾਂ ਆਇਆ ਤਾਂ ਉਸ ਸਮੇਂ ਆਪ ਦਖਣ ਵਿਚ ਨਦੇੜ ਸ਼ਹਿਰ ਵਿਖੇ ਸਨ।

ਫਿਰ ਉਨ੍ਹਾਂ ਦਾ ਸਾਰਾ ਜੀਵਨ ਇਕ ਸੰਗਰਾਮ ਰੂਪ ਸੀ। ਬਚਪਨੇ ਵਿਚ ਹੀ ਆਦਿ ਸਤਿਗੁਰੂ ਜੀ ਦੇ ਸਾਜੇ "ਨਿਰਮਲ ਪੰਥ" ਦੀ ਅਗਵਾਈ ਸਿਰ ਤੇ ਆ ਪਈ। ਪੂਜਯ ਪਿਤਾ ਗੁਰੂ ਜੀ ਸ਼ਹੀਦੀ ਪ੍ਰਾਪਤ ਕਰਕੇ ਸਰੀਰਕ ਵਿਛੋੜਾ ਦੇ ਚੁਕੇ ਹਨ। ਦੇਸ਼ ਵਿਚ ਹਰ ਪਾਸੇ ਜ਼ੁਲਮ ਤੇ ਅਤਿਆਚਾਰ ਦੀ ਹਨੇਰੀ ਚਲ ਰਹੀ ਹੈ। ਗੁਰੂ ਨਾਨਕ ਨਾਮ ਲੇਵਾ ਸਿਖ ਖਾਸ ਕਰਕੇ ਇਸ ਅਤਿਆਚਾਰ ਦਾ ਨਿਸ਼ਾਨਾ ਸਨ। ਇਹੋ ਜਿਹੇ ਹਾਲਾਤ ਸਨ ਸ੍ਰੀ ਗੁਰੂ ਜੀ ਦੇ ਬਾਲ ਅਵਸਥਾ ਵਿਚ ਪੰਥ ਦੀ ਵਾਗਡੋਰ ਸੰਭਾਲਣ ਸਮੇਂ। ਇਹੋ ਜਹੇ ਹਾਲਾਤ ਵਿਚ ਜਿਸ ਤਰਾਂ ਆਪ ਨੇ ਪੰਥ ਨੂੰ ਸੰਭਾਲਿਆ, ਅਗਵਾਈ ਕੀਤੀ ਅਤੇ ਆਖਿਰ ਜੁਗਾਂ ਜੁਗਾਂਤਰਾਂ ਤਾਈਂ ਪਕਿਆਂ ਪੈਰਾਂ ਤੇ ਖੜਾ ਕਰ ਦਿਤਾ ਇਸ ਨਾਲੋਂ ਵੱਧ ਹੋਰ ਜੀਵਨ ਵਚਿਤ੍ਰਤਾ ਕੀ ਹੋ ਸਕਦੀ ਹੈ ?

ਲਗ ਭਗ ੪੨ ਸਾਲ ਦੀ ਥੋੜੀ ਜਿਹੀ ਜੀਵਨ ਯਾਤ੍ਰਾ ਵਿਚ ਗੁਰੂ ਸਾਹਿਬ ਨੂੰ ੧੪ ਲੜਾ-ਈਆਂ ਸਮੇ ਦੀ ਜਾਬਰ ਹਕੂਮਤ ਨਾਲ ਕਰਨੀਆਂ ਪਈਆਂ। ਹਿੰਦ ਦੇ ਕੋਨੇ ਕੋਨੇ ਵਿਚ ਖਿਲਰੇ ਗੁਰੂ ਨਾਨਕ ਨਾਮ ਲੇਵਾ ਸਿਖਾਂ ਨੂੰ ਜੋ ਵਖੋ ਵਖ ਬੋਲੀਆਂ ਬੋਲਣ ਵਾਲੇ, ਭਾਂਤ ਭਾਂਤ ਦੀਆਂ ਜਾਤਾਂ ਤੇ ਧਰਮਾਂ ਨਾਲ ਸਬੰਧ ਰਖਣ ਵਾਲੇ ਤੇ ਭਿੰਨ ਭਿੰਨ ਸਮਾਜਾਂ ਤੇ ਸਭਯਤਾ ਵਾਲੇ ਸਨ, ਉਨ੍ਹਾਂ ਸਾਰਿਆਂ ਨੂੰ ਇਕ ਮਾਲਾ ਵਿਚ ਪਰੋ ਕੇ ਇਕ ਨਵੀਂ ਸਮਾਜ ਤੇ ਨਵੀਂ ਜੀਵਨ ਲੀਹ ਨੂੰ ਜਨਮ ਦੇ ਦੇਣਾ ਕੋਈ ਘਟ ਬਚਿਤ੍ਰਤਾ ਹੈ ? ਫੇਰ ਇਸ ਨਵੀਂ ਸਮਾਜ ਵਿਚ ਪ੍ਰਭੂ ਭਗਤੀ ਦੇ ਨਾਲ ਨਾਲ ਵਿਦਿਆ ਤੇ ਸ਼ਸਤਰ ਪਰਬੀਨਤਾ ਦਾ ਇਕ ਹੋਰ ਵੀ ਬਚਿਤ੍ਰ ਤੇ ਅਨਿਖੜਵਾਂ ਸੰਗਮ ਬਣਾ ਦਿਤਾ।

ਜ਼ਰੂਰੀ ਸੀ ਕਿ ਏਨਾਂ ਮਹਾਨ ਕਾਰਜ ਸਰੰਜਾਮ ਦੇਣ ਲਈ ਗੁਰੂ ਸਾਹਿਬ ਮਨੁਖੀ ਜੀਵਣ ਦੇ ਸਾਰਿਆਂ ਪਖਾਂ ਵਲ ਪੂਰਾ ਪੂਰਾ ਧਿਆਨ ਦੇਂਦੇ। ਡਰ ਸੀ ਕਿ ਕਿਤੇ ਗੁਰੂ ਨਾਨਕ ਆਗਮਨ ਤੋਂ ਪਹਿਲੇ ਹੋ ਚੁਕੇ ਮਹਾਂ ਪੁਰਸ਼ਾਂ,ਅਵਤਾਰਾਂ, ਪੀਰਾਂ ਆਦਿ, ਦੇ ਯਤਨਾਂ ਵਾਂਗ ਮਨੁਖਤਾ ਦਾ ਵਿਕਾਸ ਕਿਤੇ ਇਕ ਪਖੀ ਹੀ ਨਾ ਹੋ ਜਾਵੇ। ਇਸੇ ਲਈ ਆਪਜੀ ਦਾ ਆਪਣਾ ਜੀਵਨ ਵੀ ਬਹੁ ਪਖੀ ਸੀ ਅਤੇ ਇਸੇ ਕਰਕੇ ਉਨ੍ਹਾਂ ਸੰਬੰਧੀ ਆਮ ਮਨੁਖਾਂ ਵਿਚ ਬਹੁਤ ਸਾਰੇ ਭੁਲੇਖਿਆਂ ਦਾ ਪੈ ਜਾਣਾ ਕੋਈ ਹੈਰਾਨੀ ਵਾਲੀ ਗਲ ਨਹੀਂ।

ਸ੍ਰੀ ਦਸਮੇਸ਼ ਜੀ ਦੇ ਜੀਵਨ ਨੂੰ ਠੀਕ ਤਰਾਂ ਸਮਝਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਦੇ ਅਸਲ ਜੀਵਨ ਆਦਰਸ਼ ਨੂੰ ਸਮਝੀਏ। ਇਸ ਦੀ ਸੋਝੀ ਉਨ੍ਹਾਂ ਦੀ ਆਪਣੀ ਰਚਨਾਂ ਵਿਚੋਂ ਹੀ ਲਭ ਪੈਂਦੀ ਹੈ। ਆਪਣੀ ਜੀਵਨ ਕਥਾ ਵਿਚ ਆਪਣੇ ਮੁਖ ਉਦੇਸ਼ ਨੂੰ ਅਕਾਲ ਪੁਰਖ ਵਲੋਂ ਆਪਣੇ ਪ੍ਰਤਿ, ਹੁਕਮ ਦੇ ਰੂਪ ਵਿਚ ਇਸਤਰਾਂ ਉਲੀਕਦੇ ਹਨ:—

ਜੀਵਨ ਆਦਰਸ਼ ਇਸ ਤਰਾਂ ਦਰਸਾਉਂਦੇ ਹਨ:—


www.AKJ.Org

ਮੈਂ ਅਪਨਾਂ ਸੁਤ ਤੋਹਿ ਨਿਵਾਜਾ,।
ਪੰਥ ਪ੍ਰਚੁਰ ਕਰਬੇ ਕਉ ਸਾਜਾ ।
ਜਾਹ ਤਹਾਂ ਤੈ ਧਰਮੁ ਚਲਾਇ ।
ਕਬੁਧਿ ਕਰਨ ਤੇ ਲੋਕ ਹਟਾਇ ।
... ... ... ... ...
ਤਥਾ:– ਜਹਾਂ ਤਹਾਂ ਤੁਮ ਧਰਮ ਬਿਥਾਰੋ ।
ਦੁਸ਼ਟ ਦੋਖੀਅਨਿ ਪਕਰਿ ਪਛਾਰੋ ।

ਅਕਾਲ ਪੁਰਖ ਹੁਕਮਾਂ ਨੂੰ ਦਰਸਾ ਕੇ ਫਿਰ ਆਪ ਆਪਣਾ ਜੀਵਨ ਆਦਰਸ਼ ਇਸ ਤਰਾਂ ਦਰਸਾਉਂਦੇ ਹਨ:—

ਇਹੈ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ, ਸੰਤ ਉਬਾਰਨ ।
ਦੁਸ਼ਟ ਸਭਿਨ ਕੋ ਮੂਲ ਉਪਾਰਨ ।

ਪਹਿਲਾ ਅਕਾਲ ਪੁਰਖ ਵਾਚ ਹੈ ਕਿ "ਮੈਂ ਆਪਨਾ ਸੁਤ ਤੋਹਿ ਨਿਵਾਜਾ ।" ਇਸ ਤੋਂ ਇਹ ਭੁਲੇਖਾ ਪੈ ਸਕਦਾ ਹੈ ਕਿ ਸਤਿਗੁਰੂ ਜੀ ਨੇ ਇਥੇ ਈਸਾ ਮਸੀਹ ਜਾਂ ਮੁਹੰਮਦ ਸਾਹਿਬ ਦੀ ਤਰਾਂ ਰਬ ਦੇ ਇਕਲੌਤੇ ਪੁਤ੍ਰ ਹੋਣ ਦਾ ਦਾਵਾ ਕੀਤਾ ਹੈ । ਇਸ ਸਬੰਧੀ ਭਾਈ ਕਾਨ੍ਹ ਸਿੰਘ ਜੀ ਨਾਭਾ ਨਿਵਾਸੀ ਆਪਣੀ ਪੁਸਤਕ 'ਗੁਰਮਤਿ ਸੁਧਾਕਰ' ਵਿਚ ਇਸ ਤਰ੍ਹਾਂ ਲਿਖਦੇ ਹਨ:—

'ਤਾਤ ਮਾਤ ਨ ਜਾਤਿ ਜਾਕਰ ਪੁਤ੍ਰ ਪੋਤ੍ਰ ਮੁਕੰਦ'- ਇਸ ਨਿਯਮ ਦੇ ਮੰਨਣ ਵਾਲਾ ਸਿੱਖ ਮਤ, ਗੁਰੂ ਸਾਹਿਬ ਨੂੰ ਹਜ਼ਰਤ ਈਸਾ ਜਿਹਾ ਅਕਾਲ ਦਾ ਪੁਤ੍ਰ ਨਹੀਂ ਮਨਦਾ, ਕਿੰਤੂ 'ਏਕ ਪਿਤਾ ਏਕਸ ਕੇ ਹਮ ਬਾਰਿਕ'-ਬਚਨ ਅਨੁਸਾਰ ਸਭ ਜੀਵਾਂ ਨੂੰ ਜਗਤ ਪਿਤਾ ਦੀ ਸੰਤਾਨ ਜਾਣਦਾ ਹੈ, ਅਰ ਜਿਨਾਂ ਰਿਖੀ ਅਵਤਾਰਾਂ ਦਾ ਉਪਰ ਜ਼ਿਕਰ ਆਇਆ ਹੈ (ਬਚਿਤ੍ਰ ਨਾਟਕ ਵਿਚ) ਉਹ ਸਭ ਉਸੇ ਪਿਤਾ ਦੇ ਪੁਤ੍ਰ ਹਨ । ਪਰ ਉਨ੍ਹਾਂ ਸਭਨਾ ਵਿਚੋਂ ਗੁਣ ਕਰਮਾਂ ਅਨੁਸਾਰ ਸਤਿਗੁਰੂ ਨੂੰ ਖਸੂਸੀਅਤ ਨਾਲ ਜਗਤ ਨਾਥ ਨੇ ਨਿਵਾਜਿਆ ਹੈ, ਅਰਥਾਤ, ਸਪੁਤ੍ਰ ਹੋਣ ਦੀ ਵਡਿਆਈ ਬਖ਼ਸ਼ੀ ਹੈ ।"

(ਪੰਨਾ ਪੜ—ਟੂਕ)

ਗੁਰੂ ਨਾਨਕ ਆਗਮਨ ਤੋਂ ਪਹਿਲੇ ਜੋ ਜੋ ਵਲੀ ਅਵਤਾਰ ਆਦਿਕ ਅਕਾਲ ਪੁਰਖ ਨੇ ਘਲੇ. ਉਹ ਆਕਲ ਪੁਰਖ ਨੂੰ ਛਡ ਕੇ ਆਪੋ ਆਪਣੀ ਕੀਰਤੀ ਕਰਾਉਣ ਲਗ ਪਏ ਅਤੇ ਇਸ ਲਈ ਅਕਾਲ ਪੁਰਖ ਦੇ ਤੱਤ ਆਸ਼ੇ ਦੇ ਅਨੁਸਾਰੀ ਨਾ ਰਹੇ । ਇਸੇ ਸੰਬੰਧੀ ਦਸਮੇਸ਼ ਜੀ ਦੀ ਆਪਣੀ ਗਵਾਹੀ ਹੈ:—

ਜੋ ਜੋ ਭਏ ਪਹਿਲੇ ਅਵਤਾਰਾ ।
ਆਪੁ ਆਪੁ ਤਿਨ ਜਾਪੁ ਉਚਾਰਾ ।
ਪ੍ਰਭ ਦੋਖੀ ਕੋਈ ਨ ਬਿਦਾਰਾ ।
ਧਰਮ ਕਰਮ ਕੋ ਰਾਹ ਨ ਡਾਰਾ ।
ਅਤੇ...
ਜੋ ਪ੍ਰਭ ਸਾਖ ਨਮਿਤ ਠਹਿਰਾਏ ।
ਤੇ ਹਿਆਂ ਆਇ ਪ੍ਰਭੂ ਕਹਵਾਏ ।

ਇਸ ਲਈ ਅਕਾਲ ਪੁਰਖ ਨੇ ਗੁਰੂ ਸਾਹਿਬ ਨੂੰ ਆਪਣਾ ਖਾਸੁਲ ਖਾਸ ਸਪੁਤ੍ਰ (ਸੁਤ) ਨਿਵਾਜ ਕੇ ਘਲਿਆ ਤਾਂ ਕਿ ਉਹ ਅਕਾਲ ਦਾ ਅਸਲੀ ਆਸ਼ਾ ਤੇ ਸੰਦੇਸ਼ਾ ਮਨੁਖਤਾ ਤਕ ਪਹੁਚਾਣ ।

ਦੂਜਾ ਅਕਾਲੀ ਹੁਕਮ ਹੈ—'ਪੰਥ ਪ੍ਰਚੁਰ ਕਰਬੇ ਕੋ ਸਾਜਾ' । ਇਥੇ ਇਹ ਗਲ ਖਾਸ ਧਿਆਣ ਦੇਣ ਵਾਲੀ ਹੈ ਕਿ ਅਕਾਲ ਨੇ ਦਸਮੇਸ਼ ਪਿਤਾ ਜੀ ਨੂੰ ਪੰਥ ਸਾਜਨ ਦਾ ਨਹੀਂ ਪ੍ਰੰਤੂ ਪੰਥ ਪ੍ਰਚੁਰ ਕਰਨ ਜਾਂ ਇਉਂ ਕਹੋ ਕਿ ਗੁਰੂ ਨਾਨਕ ਸਾਜੇ ਪੰਥ ਨੂੰ ਸੰਪੂਰਨਤਾ ਤੇ ਲਿਆਕੇ ਪ੍ਰਚਾਰਨ ਦਾ ਮਹਾਨ ਕਾਰਜ ਸੌਂਪਿਆ ਸੀ । ਆਮ ਭੁਲੇਖਾ


www.AKJ.Org

ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸਿਖੀ ਵਿਚ ਦਸਮ ਪਿਤਾ ਜੀ ਨੇ ਪ੍ਰੀਵਰਤਨ ਲਿਆਕੇ ਇਕ ਨਵਾਂ ਖਾਲਸਾ ਪੰਥ ਸਾਜ ਦਿਤਾ। ਸਿਖ ਇਤਿਹਾਸ ਨੂੰ ਖੋਜ ਭਰੀ ਨਿਗਾਹ ਨਾਲ ਵਾਚਨ ਤੇ ਇਹ ਭੁਲੇਖਾ ਦੂਰ ਹੋ ਜਾਂਦਾ ਹੈ। ਇਸ ਖਾਲਸਾ ਪੰਥ ਦੀ ਸਾਜਨਾ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ। ਭਾਈ ਗੁਰਦਾਸ ਜੀ ਜੋ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਹੋਏ ਹਨ, ਇਸ ਸੰਬੰਧੀ ਆਪਣੀ ਉਗਾਹੀ ਸਪਸ਼ਟ ਦਿੰਦੇ ਹਨਃ—

"ਸ਼ਬਦ ਜਿਤੀ ਸਿਧ ਮੰਡਲੀ,
... ... ... ...
ਕੀਤੋਸ ਆਪਣਾ ਪੰਥ ਨਿਰਾਲਾ।"
"ਮਾਰਿਆ ਸਿਕਾ ਜਗਤ ਵਿੱਚ,
ਨਾਨਕ ਨਿਰਮਲ ਪੰਥ ਚਲਾਯਾ।'
... ... ... ... ...
"ਗੁਰਮੁਖ ਪੰਥ ਨਿਰੋਲ,
ਨ ਰਲੈ ਰਲਾਈਐ।"

ਇਸ ਪੰਥ ਦੀ ਉਸਾਰੀ ਜਿਨਾਂ ਲੀਹਾਂ ਤੇ ਹੋਣੀ ਸੀ, ਉਸ ਦਾ ਚਿਤ੍ਰ ਵੀ ਆਦਿ ਸਤਿਗੁਰੂ ਜੀ ਨੇ ਉਲੀਕ ਲਿਆ ਸੀ। ਇਸ ਦੀ ਨੀਂਹ ਉਨ੍ਹਾਂ ਖੁਦ ਹੀ ਰਖੀ ਸੀ ਅਤੇ ਦਸਮੇਸ਼ ਜੀ ਤਕ ਲਗ ਭਗ ਦੋ ਸੌ ਸਾਲ ਇਸੇ ਪੰਥਕ ਮਹਿਲ ਦੀ ਉਸਾਰੀ ਤੇ ਬਤੀਤ ਹੋ ਗਏ ਸਨ। ਇਸ ਲੰਮੇ ਸਮੇਂ ਵਿਚ ਪ੍ਰਭੂ ਭਗਤੀ ਤੇ ਸੋਸ਼ਲ ਤੇ ਸਮਾਜਿਕ ਜਾਗ੍ਰਿਤ ਦੀਆਂ ਚਿਣਗਾਂ ਭਾਵੇਂ ਦੇਸ਼ ਦੇ ਕੋਨੇ ਕੋਨੇ ਵਿਚ ਚਮਕ ਉਠੀਆਂ ਸਨ ਪਰ ਆਮ ਮਨੁਖਤਾ ਦੀ ਦਸ਼ਾ ਅਜੇ ਉਹੋ ਸੀ ਜਿਹੜੀ ਗੁਰੂ ਨਾਨਕ ਨੇ ਤਕੀ ਸੀ:—

"ਕਾਲੀ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ॥
ਕੂੜ ਅਵਸਥਾ ਸਚ ਚੰਦ੍ਰਮਾ ਦੀਸੈ ਨਾਹੀ ਕੈ ਚੜਿਆ॥"

ਦਸਵੀਂ ਜੋਤ ਨੇ ਚੰਗੀ ਤਰਾਂ ਪੇਖ ਪਰਖ ਲਿਆ ਕਿ ਇਹ ਦੋ ਜੀਵਨ ਤੇ ਧਰਮ ਪਰਨਾਲੀਆਂ—

ਸੈਮਿਟਿਕ[1] ਤੇ ਆਰਯਨ[2] ਆਪੋ ਵਿਚ ਮੇਲ ਜੋਲ ਨਹੀਂ ਸਨ ਰਖ ਸਕਦੀਆਂ। ਦੋਵੇਂ ਧਿਰਾਂ ਇਸ ਸਚਾਈ ਨੂੰ ਅਪਨਾਣ ਲਈ ਤਿਆਰ ਨਹੀਂ ਕਿ ਰੱਬ ਸਭਨਾਂ ਦਾ ਸਾਂਝਾ ਹੈ ਅਤੇ ਉਹ 'ਏਕ ਪਿਤਾ ਏਕਸ ਕੇ ਹਮ ਬਾਰਿਕ' ਹਨ। ਦੋਵੇਂ ਇਕ ਦੂਜੇ ਦੇ ਖੂਨ ਦੇ ਪਿਆਸੇ ਇਕ ਦੂਜੇ ਦੀ ਇਜ਼ਤ ਆਬਰੂ ਦੇ ਵੈਰੀ ਅਤੇ ਇਕ ਦੂਜੇ ਨੂੰ ਕਾਫ਼ਰ ਤੇ ਮਲੇਛ ਕਹਿਕੇ ਨਰਕਾਂ ਦੇ ਵਾਸੀ ਹੋਨ ਦੇ ਹਕਦਾਰ ਸਮਝਦੇ ਸਨ। ਜਦ ਇਹ ਚੰਗੀ ਤਰਾਂ ਤਕ ਲਿਆ ਕਿ ਇਹੋ ਸਮਾਂ ਹੈ ਅਕਾਲ ਪੁਰਖ ਦੇ ਤੱਤ ਆਸ਼ੇ ਦੇ ਅਨੁਸਾਰੀ ਨਿਰਮਲ ਪੰਥ ਦਾ ਆਖਰੀ ਤੇ ਸੰਪੂਰਨ ਰੂਪ ਪ੍ਰਗਟ ਕਰਨ ਦਾ ਅਤੇ ਜਿਸਦੇ ਜ਼ਰੀਏ ਹੀ ਮਨੁਖਤਾ ਦੀ ਕਲਿਆਣ ਹੋਣੀ ਹੈ ਤਾਂ ਉਦੋਂ ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਦੇ ਨਿਜੀ ਸਰੂਪ ਵਿਚ ਵਿਦਮਾਨ—

"ਸਾਬਤ ਸੂਰਤ ਦਸਤਾਰ ਸਿਰਾ"

ਦਾ ਧਾਰਨੀ, ਰੱਬ ਦੇ ਨਾਮ ਦੀ ਜੀਵਣ ਕਣੀ ਨਾਲ ਜੀਉਂਦਾ ਜਾਗਦਾ ਸ਼ੇਰ ਮਰਦ, ਇਕ ਹਥ ਸਿਮਰਨਾ (ਉਹ ਵੀ ਸਰਬਲੋਹ ਦਾ) ਤੇ ਦੂਜੇ ਵਿਚ ਚੰਡਿਕਾ, ਪੂਰਨ ਸ਼ਕਤੀਮਾਨ, ਸਵਾਲਖ ਨਾਲ ਕੱਲਾ ਜੂਝਣ ਵਾਲਾ, ਅੰਦਰੋਂ ਰਬੀ ਨਾਮ ਰੱਤਾ ਤੇ ਬਾਹਰੋਂ ਖੜਗਾਂ ਤੇ ਸੰਜੋਆਂ ਨਾਲ

---

੧. ਸੈਮਿਟਿਕ (smitic) ਪ੍ਰਣਾਲੀ ਈਸਾਈਅਤ ਤੇ ਇਸਲਾਮ ਆਦਿ।
੨. ਆਰਯਾਨ ਪ੍ਰਣਾਲੀ ਵਿਚੋਂ ਹਿੰਦੂ ਧਰਮ ਦੀਆਂ ਸ਼ਾਖਾਂ ਬੁਧ, ਜੈਨ ਆਦਿ।


www.AKJ.Org

ਸ਼ਿੰਗਾਰਿਆ-("ਮੁਖ ਮੇ ਹਰਿ, ਚਿਤ ਮੇ ਜੁਧ ਬਿਚਾਰੇ") ਅਕਾਲ ਪੁਰਖ ਦਾ ਅਕਾਲੀ ਸਰੂਪ "ਖਾਲਸਾ" ਸ੍ਰੀ ਕਸੇਗੜ੍ਹ ਸਾਹਿਬ ਵਿਖੇ ਸੰਨ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਪ੍ਰਗਟ ਕਰਕੇ ਸ੍ਰਿਸ਼ਟੀ ਨੂੰ ਚਕਾ ਚੰਧ ਕਰ ਦਿਤਾ ਸ੍ਰਿਸ਼ਟੀ ਦੀਆਂ ਅਖੀਆਂ ਖੁਲ੍ਹਆਂ ਦੀਆਂ ਖੁਲ੍ਹੀਆਂ ਰਹਿ ਗਈਆਂ। ਰਹਿਣ ਵੀ ਕਿਉਂ ਨਾ ?

ਇਸ ਦਿਨ:—

"ਖਾਲਸਾ ਪ੍ਰਗਟਿਓ ਪ੍ਰਮਾਤਮ ਕੀ ਮੌਜ।"

ਕਿਹੜਾ ਖਾਲਸਾ ?

ਖਾਲਸਾ ਅਕਾਲ ਪੁਰਖ ਕੀ ਫੌਜ।"

ਇਹ ਖਾਲਸਾ ਕਿਸੇ ਮਨੁਖ 'ਨਾਲ ਸੰਬੰਧਤ ਨਹੀਂ। ਐਥੋਂ ਤਕ ਕਿ ਇਹ ਖਾਲਸਾ ਗੁਰੂ ਨਾਨਕ ਦਸਮੇਸ਼ ਜੀ ਦੀ ਵੀ ਫੌਜ ਨਹੀਂ ਬਲਕਿ ਉਨ੍ਹਾਂ ਦੀ ਕਿਰਪਾ ਨਾਲ ਸਿਧਾ ਅਕਾਲ ਪੁਰਖ ਦੀ ਨਿਜੀ ਫੌਜ ਹੈ। ਖਾਲਸਾ ਇਕ ਅਕਾਲ ਦੇ ਹੁਕਮ ਮੰਨਣ ਵਾਲਾ ਬਣਾਇਆ (ਵਾਹਿਗੁਰੂ ਜੀ ਕਾ ਖਾਲਸਾ) ਅਤੇ ਇਸੇ ਲਈ ਇਸ ਤੇ ਸ੍ਰਿਸ਼ਟੀ ਦੀ ਕੋਈ ਸ਼ਕਤੀ ਕਦੇ ਵੀ ਭਾਰੂ ਨਹੀਂ ਹੋ ਸਕਦੀ (ਵਾਹਿਗੁਰੂ ਜੀ ਕੀ ਫਤਹ) ਇਸ ਦੇ ਮੁਖ ਵਿਚ ਸਰਬਲੋਹ ਖੰਡੇ ਦਾ ਗੁਰਬਾਣੀ ਨਾਲ ਸਰਸ਼ਾਰ 'ਅੰਮ੍ਰਿਤ' ਪਾਇਆ ਗਿਆ ਹੈ। ਇਸ ਦੀਆਂ ਅਖਾਂ ਵਿਚ ਛਿਟੇ ਪਏ ਹਨ ਉਸੇ ਅਗੰਮੀ ਸਰਬਲੋਹੀ ਸ਼ਕਤੀ ਭਰਪੂਰ 'ਅੰਮ੍ਰਿਤ' ਦੇ ਅਤੇ ਇਸ ਦੇ ਦਸਮ ਦੁਆਰ ਵਿਚ ਸੰਚਾਰਿਆ ਗਿਆ ਹੈ ਉਹੋ ਭਗਤੀ ਰੱਤਾ ਸਰਬਲੋਹੀ ਅਰਸ਼ੀ 'ਅੰਮ੍ਰਿਤ'। ਇਸੇ ਕਰਕੇ ਇਸਦਾ ਸਰੀਰ ਭਾਵੇਂ ਦੁਬਲਾ ਪਤਲਾ ਹੋਵੇ ਤੇ ਭਾਵੇਂ ਕਵੀ ਹੈਕਲ-ਸਦਾ ਬਲਵਾਨ ਹੈ, ਸੁਚੇ ਆਚਾਰ ਵਾਲਾ ਹੈ। ਇਸ ਦੇ ਸਭ ਅੰਗ ਪਵਿਤ੍ਰ ਹਨ ਕਿਉਂਕਿ ਅੰਗ ੨ ਵਿਚੋਂ ਨਾਮ-ਅੰਮ੍ਰਿਤ ਦੀਆਂ ਲਿਸ਼ਕਾਂ ਨਿਕਲਦੀਆਂ ਹਨ, ਨੇਤ੍ਰਾਂ ਦੀ ਦ੍ਰਿਸ਼ਟੀ ਪਵਿਤ੍ਰ, ਹੈ ਬੁਧੀ ਤੇ ਆਤਮ ਸ਼ਕਤੀ ਦਾ ਸੋਮਾ, ਦਸਮ ਦੁਆਰ ਅਸਥਾਨ ਪਵਿਤ੍ਰ ਹੈ ਤੇ ਸਦਾ ਹੀ ਦਸਮ ਦੁਆਰੀ ਅਕਾਲੀ ਖੇਡਾਂ ਦੇ ਰੰਗ ਮਾਣਦਾ ਹੈ। ਇਸ ਲਈ ਇਸਦੀ ਸਦਾ ਹੀ ਫਤਹ ਹੈ। ਇਸ ਦਾ ਸਰਬੰਸ ਕੁਰਬਾਨ ਹੋ ਜਾਏ। ਮਹਿਲ ਮਾੜੀਆਂ ਖੁਸ ਜਾਣ। ਰਾਜ ਭਾਗ ਹਥੋਂ ਚਲਾ ਜਾਏ। ਇਹ ਫ਼ਿਰ ਵੀ ਜੇਤੂ ਹੈ ਕਿਉਂਕਿ ਕੋਈ ਦੁਖ, ਮੁਸੀਬਤ ਇਸ ਦੀ ਆਤਮਾ ਨੂੰ ਜ਼ੇਰ ਨਹੀਂ ਕਰ ਸਕਦੀ। ਦਸਮੇਸ਼ ਪਿਤਾ, ਪ੍ਰਮੁਖ ਖਾਲਸੇ, ਨੇ ਆਪ ਹੀ ਇਹ ਪੂਰਨੇ ਪਾਏ ਚਾਰ ਜਿਗਰ ਦੇ ਟੋਟੇ ਸ਼ਹੀਦ ਹੋ ਚੁਕੇ ਹਨ। ਬਿਰਧ ਮਾਤਾ ਅਕਾਲ ਦੀ ਗੋਦ ਵਿਚ ਸਮਾ ਚੁਕੇ ਹਨ। ਅਨੰਦ ਪੁਰ ਦੇ ਮਹਿਲ ਤੇ ਕਿਲੇ ਖੁਸ ਚੁਕੇ ਹਨ। ਖਜ਼ਾਨਾ ਲੁਟ ਚੁਕਾ ਹੈ। ਇਥੋਂ ਤਕ ਕਿ ਬੜੀਆਂ ਮਿਹਨਤਾਂ ਤੇ ਖੋਜਾਂ ਨਾਲ ਬਣਾਇਆ ਮਨੁਖਤਾ ਦਾ ਕਲਿਆਣਕਾਰੀ ਸਾਹਿਤ ਵੀ ਬਰਬਾਦ ਹੋ ਚੁਕਾ ਹੈ। ਮਾਛੀਵਾੜੇ ਦੇ ਜੰਗਲਾਂ ਵਿਚ ਨੰਗੇ ਪੈਰੀਂ ਇਕਲੇ ਬੇ ਸਰੋ ਸਾਮਾਨੀ ਦੀ ਹਾਲਤ ਵਿਚ ਫਿਰ ਰਹੇ ਹਨ। ਦੁਨੀਆਂ ਦੀ ਦ੍ਰਿਸ਼ਟੀ ਵਿਚ ਹਾਰ ਚੁਕੇ ਹਨ। ਪਰ ਕਹਿਵਤੀ ਫ਼ਤਹ ਮਾਨ, ਆਪਣੇ ਸਮੇਂ ਦੇ ਸਭ ਤੋਂ ਵਡੇ ਸਮਰਾਟ ਔਰੰਗਜ਼ੇਬ ਨੂੰ ਚਿਠੀ ਲਿਖਦੇ ਹਨ— ਕੀ ਇਹ ਮੁਆਫੀ ਨਾਮਾ ਸੀ ? ਕੀ ਇਹ ਪਛਤਾਵਾ ਸੀ ਹਕੂਮਤ ਨਾਲ ਟਕਰ ਲੈਣ ਦਾ। ਨਹੀਂ, ਨਹੀਂ। ਇਹ ਸੀ ਜ਼ਫ਼ਰ ਨਾਮਾ, ਫਤਹ ਦੀ ਚਿਠੀ।

ਇਹ ਸੀ ਖਾਲਸਾ ਪੰਥ ਜੋ ਗੁਰੂ ਨਾਨਕ*



www.AKJ.Org

ਦੇਵ ਜੀ ਨੇ ਪ੍ਰਗਟ ਕੀਤਾ ਤੇ ਜਿਸ ਦੀ ਸੰਪੂਰਤਾ ਦਸਮੇਸ਼ ਜੀ ਨੇ ਕੀਤੀ। ਇਸ ਦਾ ਜੀਵਨ ਆਦਰਸ਼ ਹੈ, ਦਸਮੇਸ਼ ਜੀ ਪ੍ਰਤਿ ਹੋਇਆ ਤੀਜਾ ਅਕਾਲੀ ਫੁਰਮਾਨ:—

ਜਾਹ ਤਹਾਂ ਤੈ ਧਰਮੁ ਚਲਾਇ।
ਕੁਬੁਧਿ ਕਰਨ ਤੇ ਲੋਕ ਹਟਾਇ।

ਤਥਾ:—

ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨਿ ਪਕਰਿ ਪਛਾਰੋ।

ਤਥਾ:—

ਧਰਮ ਚਲਾਵਨ, ਸੰਤ ਉਬਾਰਨ।
ਦੁਸ਼ਟ ਸਭਿਨ ਕੋ ਮੂਲ ਉਪਾਰਨ।

ਗੁਰੂ ਸਾਹਿਬ ਤੇ ਉਨ੍ਹਾਂ ਦੇ ਪ੍ਰਚੁਰ ਕੀਤੇ ਖਾਲਸਾ ਪੰਥ ਦਾ:—

"ਨਾ ਕੋ ਬੈਰੀ ਨਾਹਿ ਬਿਗਾਨਾ,
ਸੰਗਲ ਸੰਗ ਹਮ ਕੋ ਬਨ ਆਈ"

ਉਸ ਦੀਆਂ ਨਜ਼ਰਾਂ ਵਿਚ ਤਾਂ—
"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।"

ਇਸੇ ਲਈ ਖਾਲਸਾ ਅਮਰ ਹੈ ਤੇ ਸਦਾ ਅਮਰ ਰਹੇਗਾ ਅਤੇ ਇਕ ਨ ਇਕ ਦਿਨ ਜ਼ਰੂਰੀ ਹੀ 'ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ"।

ਇਸੇ ਲਈ ਖਾਲਸਾ ਪੰਥ ਅਕਾਲੀ ਹੁਕਮ ਅਨੁਸਾਰ ਦਸਮੇਸ਼ ਜੀ ਦੀ ਪ੍ਰਗਟ ਕੀਤੀ ਸਭ ਤੋਂ ਬਚਿਤਰ ਰਚਨਾ ਹੈ ਅਤੇ ਇਸੇ ਲਈ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁਚਾ ਜੀਵਨ ਹੀ ਇਕ ਅਤਿ ਹੀ ਬਚਿਤ੍ਰ ਜੀਵਨ ਕਿਹਾ ਜਾ ਸਕਦਾ ਹੈ।

## † ਜ਼ਰੂਰੀ ਬੇਨਤੀ †

ਜਿਨ੍ਹਾਂ ਪਾਠਕਾਂ ਦਾ ਇਸ ਪਰਚੇ ਦੇ ਨਾਲ ਹੀ ਸਾਲਾਨਾ ਚੰਦਾ ਖ਼ਤਮ ਹੋ ਰਿਹਾ ਹੈ, ਉਹ ਆਪਣੇ ਆਪਣੇ ਚੰਦੇ ਭੇਜਣ ਦੀ ਕਿਰਪਾਲਤਾ ਕਰਨ ਖ਼ਾਸ ਕਰਕੇ ਜਿਨ੍ਹਾਂ ਪਾਠਕਾਂ ਦੀ ਚਿੱਟ ਨੰਬਰ ਤੋਂ ਪਹਿਲਾਂ ਅੱਖਰ 'ਜੇ' (J) ਆਉਂਦਾ ਹੋਵੇ ਉਹ ਸ਼ੀਘਰ ਹੀ ਆਪਨੇ ਚੰਦੇ ਭੇਜ ਦੇਣ ਤਾਕਿ "ਸੂਰਾ" ਜਾਰੀ ਰਖਿਆ ਜਾ ਸਕੇ। ਮੈਨੇਜਰ—ਸੂਰਾ, ਰਾਘੋਮਾਜਰਾ, ਪਟਿਆਲਾ

**ਰਿਸ਼ਤੇ-ਨਾਤੇ**--ਇਕ ਤਿਆਰ ਬਾਰ ਤਿਆਰ ਸਿੰਘ, ਜਿਸ ਦੀ ਉਮਰ ੨੩ ਸਾਲ, ਕੰਮ ਹੌਜ਼ਰੀ ਫ਼ਲੈਟ ਮਸ਼ੀਨ, ਤਨਖਾਹ ੧੭੫ ਮਾਸਕ, ਦੇ ਲਈ ਇਕ ਤਿਆਰ ਬਾਰ ਤਿਆਰ (ਅੰਮ੍ਰਿਤਧਾਰੀ) ਸਿੰਘਣੀ ਦੀ ਲੋੜ ਹੈ, ਹੇਠ ਲਿਖੇ ਪਤੇ ਪੁੱਛ ਗਿੱਛ ਕਰ ਸਕਦੇ ਹੋ।

ਭੂਪਿੰਦਰ ਸਿੰਘ ਅੰਮ੍ਰਿਧਾਰੀ
ਮਾਰਫ਼ਤ ਅਮ੍ਰੀਕ ਸਿੰਘ ਬਜ਼ਾਜੀ ਵਾਲਾ
ਬਸਤੀ ਜੋਧੇਆਲ, ਰਾਹੋਂ ਰੋਡ,
ਲੁਧਿਆਣਾ



www.AKJ.Org

# ਸਾਡੇ ਧਰਮ ਦੇ ਅਧਾਰ

( ਗਿ: ਗੁਰਦਿੱਤ ਸਿੰਘ ਜੀ ਸੰਪਾਦਕ 'ਪ੍ਰਕਾਸ਼' ਚੰਡੀਗੜ੍ਹ )

ਜੇ ਸਿੱਖੀ ਵਿਚ ਕੋਈ ਅਧਿਆਤਮਕ ਰਹੱਸ ਤੇ ਆਤਮਕ ਜਾਗਰਤੀ ਦੀ ਕੋਈ ਚੀਜ਼ ਨਹੀਂ ਤਾਂ ਇਸ ਦੇ ਜਿਉਂਦੇ ਰਹਿਨ ਦਾ ਕੋਈ ਲਾਭ ਨਹੀਂ। ਇਸ ਦੇ ਵਿਰੋਧੀਆਂ ਅਤੇ ਹਿਮੈਤੀਆਂ ਨੂੰ ਫ਼ਿਰ ਇਸ ਬਾਰੇ ਕਿਸੇ ਵੀ ਚਿੰਤਾ ਦੀ ਲੋੜ ਨਹੀਂ। ਅਜੇਹੇ ਹਾਲਾਤ ਵਿਚ ਜਿਹੋ ਜਿਹੇ ਸਿੱਖ ਧਰਮ ਦੇ ਇਸ ਵੇਲੇ ਹਨ, ਕੋਈ ਵੀ ਮਜ਼ਹਬ ਬਹੁਤਾ ਚਿਰ ਟਿਕ ਸਕਣ ਦੇ ਸਮਰਥ ਨਹੀਂ ਹੁੰਦਾ।

ਜਿਨ੍ਹਾਂ ਧਰਮਾਂ ਨੇ ਨੈਤਕਤਾਂ ਸਦਾਚਾਰਕ ਤੇ ਮਰਯਾਦਾ ਦੇ ਗੁਣਾਂ ਦੇ ਆਧਾਰ ਉਤੇ ਆਪਣਾ ਆਪਾ ਖੜਾ ਕੀਤਾ ਤੇ ਚਲਾਇਆ ਹੈ ਸਦੀਆਂ ਦੀ ਪਰਥਾ ਨੇ ਉਹਨਾਂ ਧਰਮਾਂ, ਜੈਨਾਂ ਅਤੇ ਬੋਧੀਆਂ ਦੀ ਪੀਠ ਪੱਕੀ ਕਰ ਦਿਤੀ ਹੋਈ ਹੈ। ਹੁਣ ਤਕ ਉਹਨਾਂ ਮਜ਼ਹਬਾਂ ਦੇ ਧਾਰਨੀ ਤੇ ਆਗੂ ਧਰਮ ਨੂੰ ਆਪਣੀਆਂ ਸਮਾਜਕ, ਰਾਜਨੀਤਕ ਗਰਜ਼ਾਂ ਲਈ ਵਰਤਣਾ ਪਾਪ ਸਮਝਦੇ ਹਨ। ਸਿਖਾਂ ਵਿਚ ਧਰਮ ਅਤੇ ਰਾਜਨੀਤੀ ਇਕ ਹੋਣ ਦੇ ਅਣ-ਸਮਝੇ ਸਿਧਾਂਤ ਨੇ ਸਿਖਾਂ ਵਿਚੋਂ ਨੈਤਕਤਾ ਦੇ ਗੁਣ ਹੰਘਾਲ ਕੇ ਬਾਹਰ ਸੁੱਟ ਛੱਡੇ ਹਨ, ਰਾਜਨੀਤੀ ਵੀ ਕਿਸੇ ਅਸੂਲ ਸਿਧਾਂਤ ਵਾਲੀ ਨਹੀਂ ਰਹਿਣ ਦਿਤੀ। ਜਿਨਾਂ ਆਦਮੀਆਂ ਦੀਆਂ ਕਿਸੇ ਵੀ ਹੋਰ ਕਾਰੋਬਾਰ ਕਰਕੇ ਵੱਡੇ ਅਹੁਦੇ ਹੰਢਾ ਕੇ ਵੀ ਕਿਧਰੇ ਭੁਖਾਂ ਨਹੀਂ ਮਿਟਦੀਆਂ ਤੇ ਜੇ ਕਿਸੇ ਨੇ ਪੈਸੇ ਖਰਚਣ ਦੀ ਸਮਰਥਾ ਪੈਦਾ ਕੀਤੀ ਹੁੰਦੀ ਹੈ ਉਹ ਧਰਮ ਤੇ ਰਾਜਨੀਤੀ, ਇਕ ਕਹੇ ਜਾਣ ਵਾਲਿਆਂ ਦੇ ਸਾਏਬਾਨ ਹੇਠਾਂ ਆ ਖੜ੍ਹਦਾ ਹੈ। ਆਪਣੇ ਪੈਸੇ ਤੇ ਚਤਰਾਈਆਂ ਨਾਲ ਥੋੜੇ ਦਿਨਾਂ ਵਿਚ ਹੀ ਉਹ ਆਪਣੀਆਂ ਜੁਗਤੀਆਂ ਅਤੇ ਚੁਸਤੀਆਂ ਨਾਲ ਅਗਲੇ ਰੰਗ ਮੰਚ ਉਤੇ ਬੈਠ ਕੇ ਪੰਥ ਦਾ ਪ੍ਰਮੁਖ ਹਿਤ ਰਖਵਾਲਾ ਹੋਣ ਦਾ ਨਾਹਰਾ ਲਾ ਕੇ ਵੱਡਾ ਚੌਧਰੀ, ਪੰਥ ਦੇ ਜਥੇਦਾਰਾਂ ਦਾ ਵੀ ਜਥੇਦਾਰ (ਲੀਡਰ) ਬਣ ਜਾਂਦਾ ਹੈ। ਤਖਤਾਂ ਦੇ ਜਥੇਦਾਰ ਅਤੇ ਧਾਰਮਕ ਹਸਤੀਆਂ, ਜਿਨਾਂ ਅੰਦਰ ਜੇ ਧਾਰਮਕ ਕਣੀ ਹੋਵੇ: ਤਾਂ ਸਾਡੇ ਸਭ ਲਈ ਪੂਜਣ ਯੋਗ ਹਨ, ਪਰ ਜਿਵੇਂ ਧਾਰਮਕ ਪਦਵੀਆਂ ਵੀ ਬੇਰੁਜ਼ਗਾਰੀ ਦੂਰ ਕਰਨ ਦੀ ਹੀ ਪੂਰਤੀ ਹੋਣ, ਸਾਡੇ ਇਹ ਧਾਰਮਕ ਮੁਖੀ ਚਲ ਰਹੀ ਹਵਾ ਦੇ ਰੁਖ ਇਤਨੇ ਤੇਜ਼ੀ ਨਾਲ ਤਾੜਦੇ ਹੈਨ ਰਾਜਨੀਤੱਗ ਮਾਤ ਪੈ ਜਾਂਦੇ ਹਨ ਕਿ ਜੋ ਵਿਅੱਕਤੀ ਉਹਨਾਂ ਦੇ ਦਰਬਾਰ ਵਿਚ ਅਧਮ, ਅਤੇ ਰਹਿਤ ਮਰਯਾਦਾ ਦੇ ਪਖੋਂ ਤਨਖਾਹੀਏ ਕਰਾਰ ਦੇਣ ਯੋਗ ਹੁੰਦੇ ਹਨ।



www.AKJ.Org

ਸ਼ਾਇਦ ਆਪ ਤਨਖਾਹਦਾਰ ਹੋਣ ਜਾਂ ਕਿਸੇ ਹੋਰ ਕਾਰਨਾ ਕਰਕੇ ਸਾਡੇ ਹੈਡ ਪ੍ਰੀਸ਼ਦ ਤੇ ਜਥੇਦਾਰ ਉਹਨਾਂ ਦੀਆਂ ਖਾਹਸ਼ਾਂ ਅਗੇ ਜੋ ਘਟੋ ਘਟ ਧਰਮ ਧ੍ਵਜਾ ਨੂੰ ਉਚਾ ਰਖਣ ਦੀਆਂ ਨਹੀਂ ਹੁੰਦੀਆਂ, ਆਪਣਾ ਆਪਾ ਵਿਛਾ ਦਿੰਦੇ ਹਨ। ਉਹਨਾਂ ਲੋਕਾਂ ਦੀ ਲੀਡਰੀ ਪੱਕੀ ਕਰਨ ਲਈ ਇਹ ਲੋਕ ਗੁਰੂ ਦੇ ਪੰਥ ਦੇ ਵਾਸਤੇ ਪਾਉਂਦੇ ਦੇਖੇ ਗਏ ਹਨ, ਜਿਨਾਂ ਦਾ ਜੀਵਨ ਕਿਸੇ ਵੀ ਪੰਥਕ ਕਸਵੱਟੀ ਉਤੇ ਲਗਣ ਦੀ ਤਾਬ ਵੀ ਨਹੀਂ ਲਿਆ ਸਕਦਾ। ਜੇ ਧਰਮ ਅਤੇ ਰਾਜਨੀਤੀ ਦਾ ਅਰਥ ਇਹੋ ਹੈ ਕਿ ਸਿਖੀ ਦਾ ਨਾਮ ਵਰਤ ਕੇ ਜੋ ਜੀਅ ਆਵੇ ਤੇ ਜੋ ਚਾਹੇ ਸੋ ਕਰੋ, ਤਾਂ ਫਿਰ ਕੀ ਅਜੇਹੇ ਧਰਮ ਦਾ ਬਹੁਤਾ ਚਿਰ ਜਿਉਂਦੇ ਰਹਿਣਾ ਉਸ ਧਰਮ ਦੀ ਅਧਮੋਈ ਰੂਹ ਨਾਲ ਜਬਰ ਕਰਨ ਤੋਂ ਬਿਨਾਂ ਕੁਝ ਹੋਰ ਕਿਹਾ ਜਾ ਸਕਦਾ ਹੈ ?

ਕਈ ਧਰਮਾਂ ਦੀ ਸੰਸਕ੍ਰਿਤੀ ਕਲਾ ਮਈ ਹੈ, ਹੁੱਨਰ ਉਹਨਾਂ ਦੇ ਰੰਗਰੇਸ਼ੇ ਵਿਚ ਲਹਿ ਗਿਆ ਹੈ। ਸੰਗੀਤ ਕਲਾ, ਚਿਤ੍ਰਕਾਰੀ, ਸੰਗਤਰਾਸ਼ੀ ਸਾਹਿੱਤ ਸਿਰਜਨਾ ਵਿਚਾਰ ਵਿਰਧੀ ਦੇ ਯਤਨ, ਸਿਖਾਂ ਵਰਗਾ ਜਲੌ ਭਰਿਆ ਇਤਿਹਾਸ ਤੇ ਸਾਹਿੱਤ ਹੋਣ ਦੇ ਨਾ ਹੋਣ ਦੇ ਬਾਵਜੂਦ ਕਈਆਂ ਧਰਮਾਂ ਨੇ ਅਜੇਹੇ ਸਿਰਜੇ ਹੋਏ ਹਨ, ਜੇ ਅਜ ਉਹਨਾਂ ਨੂੰ ਨੁਕਸਾਨ ਪੁਜੇ ਤਾਂ ਇਉਂ ਲਗਦਾ ਹੈ ਜਿਵੇਂ ਸੰਸਾਰ ਦੇ ਸਦਾਚਾਰ ਹੁੱਨਰ ਜਾਂ ਸੰਸਕ੍ਰਿਤੀ ਦਾ ਕੋਈ ਇਕ ਥੰਮ ਡਿਗ ਪਵੇਗਾ, ਜਿਸ ਕਾਰਨ ਕਈ ਉਹਨਾਂ ਧਰਮਾਂ ਦੇ ਵਿਰੋਧੀ ਹੁੰਦੇ ਹੋਏ ਵੀ ਉਨ੍ਹਾਂ ਨੂੰ ਲਾਭਵੰਦੇ ਸਮਝਣ ਦੇ ਸਮਰਥਕ ਹਨ। ਵੈਸ਼ਣਵਾ ਮਤ ਦਾ ਸੰਗੀਤ-ਭਗਤੀ ਮੱਤ ਇਕ ਅਟੁਟ ਅੰਗ ਹੈ, ਸੈਵਮਤ, ਦਖਣੀ ਭਾਰਤ ਵਿਚ ਅਦੈਤਵਾਦ ਤੇ ਸੰਕਿਰਾ-ਚਾਰਯ ਦੇ ਵਿਚਾਰਾਂ ਕਾਰਨ ਆਪਣੀ ਥਾਂ ਆਪ ਰਖਦਾ ਹੈ। ਜਿਸ ਨੂੰ ਅਧਨਕ ਕਾਲ ਵਿਚ ਹਿੰਦੂ ਮਤ ਦਾ ਵਾਰਸ ਸਮਝਿਆ ਜਾਂਦਾ ਹੈ। ਫਰਜ਼ ਕਰੋ ਮਜ਼ਹਬੀ ਦੁਨੀਆਂ ਵਿਚੋਂ ਸਾਡਾ ਧਰਮ ਚਲਿਆ ਜਾਵੇ ਮਸਲਨ ਇਕ ਰਾਤੀ ਸੁਤੇ ਪਇਆਂ ਉਠੀਏ ਤੇ ਸਾਡਾ ਮਜ਼ਹਬ ਨਾ ਹੋਵੇ ਤਾਂ ਬਾਕੀ ਰਹਿੰਦੀ ਦੁਨੀਆਂ ਵਿਚ ਸਾਡੇ ਲਈ ਕਿਸ ਕਾਰਨ ਹਮਦਰਦੀ ਹੋਵੇਗੀ ਸਾਡੇ ਉਸ ਪ੍ਰਾਚੀਨ ਸਾਹਿਤ ਕਾਰਨ ਜਿਸ ਇਕ ਦੇ ਸੁਰ ਦੂਜੇ ਨਾਲ ਨਹੀਂ ਮਿਲਦੇ, ਅਤੇ ਇਸ ਦਾ ਬਹੁਤਾ ਭਾਗ ਇਸ ਜ਼ਮਾਨੇ ਵਿਚ ਵੀ ਅਣ-ਛਪਿਆ ਪਿਆ ਹੈ ਜਿਸ ਦਾ ਬਹੁਤਾ ਭਾਗ ਲੁਪਤ ਹੋ ਚੁਕਿਆ ਹੈ ਤੇ ਹੋ ਰਿਹਾ ਹੈ ?

ਜਾਂ ਸਾਡੀ ਉਸ ਨਵੀਨ ਸਾਹਿਤਕ ਪ੍ਰਬੀਨਤਾ ਕਾਰਨ ਸਾਡਾ ਕੋਈ ਹਮਦਰਦ ਹੋਵੇਗਾ ਜਿਸ ਦੇ ਲੇਖਕਾਂ ਨੇ ਪ੍ਰਾਚੀਨ ਤੇ ਪਰਾਪਤ ਹੋ ਸਕਣ ਵਾਲੇ ਸਾਹਿਤ ਇਤਿਹਾਸਾਂ ਦੇ ਬਿਨਾਂ ਵਾਚੇ ਹੀ ਵੱਡੇ ਵੱਡੇ ਕਲਪਤ ਗ੍ਰੰਥ ਲਿਖ ਛਡੇ ਹਨ ? ਹਾਂ ਜੀ ਸਾਡੇ ਉਸ ਨਵੀਨ ਸਾਹਿਤ ਸਿਰਜਨਾਂ ਦੀ ਕਲਾ ਕਾਰਨ ਸਾਡੇ ਦੂਜੇ ਕੌਣ ਹਾਮੀ ਹੋਣਗੇ ਜਿਨਾਂ ਦੀ ਨਿਗਾਹ ਵਿਚ ਅਸੀਂ ਆਪਣਾ ਦਰਸ਼ਨ ਸਿਧਾਂਤ ਕੋਈ ਰਖਦੇ ਹੀ ਨਹੀਂ ? ਮੇਰੀ ਨਿਰਾਸਤਾ ਉਹ ਸਾਰਾ ਸਾਹਿਤ ਵਾਚ ਕੇ ਵਧੀ ਹੈ, ਜਿਨਾਂ ਨੇ ਸਿਖੀ ਦੇ ਨਾਮ ਕਰ ਕੇ ਤਾਂ ਬੜੇ ਬੜੇ ਦਾਰਸ਼ਨਿਕ: ਧਾਰਮਕ ਇਤਿਹਾਸਕ ਮਸਲੇ ਛੋਹੇ ਹਨ, ਪਰ ਉਹਨਾਂ ਦੇ ਵਿਚ ਨਾਂ ਪ੍ਰਾਚੀਨ ਢੋਆਂ ਦੇ ਸਹਾਰੇ ਕੁਝ ਖੜਾ



www.AKJ.Org

ਦਿਸਦਾ ਹੈ ਨਾ ਨਵੀਨ ਨਿੱਗਰ ਉਸਾਰੀ ਦਾ ਕੋਈ ਥੰਮ ਹੈ ? ਖਾਸ ਕਰਕੇ ਨਵੀਨ ਸਾਹਿਤ ਇਤਨਾ ਪਤਲਾ ਤੇ ਥੋਥਾ ਹੈ ਕਿ, ਅਸੀਂ ਢੇਰ ਪੁਸਤਕਾਂ ਪੜ੍ਹ ਕੇ ਕੁਝ ਗ੍ਰਹਿਣ ਕਰਨ ਯੋਗ ਵਸਤੂ ਨਹੀਂ ਲਭ ਸਕਦੇ।

ਹੁਨਰ ਵਿਚ ਇਕੋ ਇਕ ਸਾਡੇ ਕੋਲ ਗੁਰੂ ਬਖਸ਼ੇ, ਤੇ ਜੁਗ ਜੁਗਾਂ ਤਕ ਕਾਇਮ ਰਹੇ ਹਰਿਮੰਦਰ ਸਾਹਿਬ ਹੈ,ਏਹ ਇਕ ਸਾਡੇ ਮੂਲ ਸਿਧਾਂਤਾਂ ਮੁਤਾਬਕ ਸਿਰਜੀ ਕਲਾ ਦਾ ਧਰਮ ਮੰਦਰ ਹੈ, ਪਰੰਤੂ ਇਸ ਹਰਿਮੰਦਰ ਕਲਾ ਤੋਂ ਅਸੀਂ ਇਤਨੇ ਅਣਭਿੱਜ ਹਾਂ ਕਿ ਇਸ ਕਲਾ ਦੀ ਵਿਰਧੀ ਸਾਡੇ ਘਰਾਂ ਤਕ ਤਾਂ ਕੀ ਜਾਣੀ ਸੀ ਗੁਰਦੁਆਰਿਆਂ ਤਕ ਵੀ ਨਹੀਂ ਪੁਜੀ । ਹਰ ਇਕ ਗੁਰਦੁਆਰਾ ਆਪਣੇ ਹੀ ਡੀਜ਼ਾਇਨ ਦਾ ਉਸਰਦਾ ਹੈ ? ਅਜੇਹੇ ਡੀਜ਼ਾਇਨ ਦਾ ਨਹੀਂ ਜਿਸ ਚੋਂ ਸਿਖੀ ਭਾਵਾਂ ਜਾਂ ਵਿਚਾਰਾਂ ਦੀ ਕੋਈ ਪਿਛੋਕੜ ਹੋਵੇ ? ਸਗੋਂ ਸਿਖ ਵਿਰੋਧੀ ਜਾਂ ਸੁੰਨ ਦੂਜੇ ਸ਼ਬਦਾਂ ਵਿਚ ਡੁੰਨ ਕਿਸਮ ਦੀ ਕਾਰਾਗਰੀ ਦੇ ਚਿੰਨ ਹਨ ਸਾਡੇ ਗੁਰਦੁਆਰੇ,ਜਿਨ੍ਹਾਂ ਵਿਚੋਂ ਵਿਰਲਿਆਂ ਨੂੰ ਛਡ ਕੇ ਬਹੁਤੇ ਮਨ-ਮਰਜ਼ੀ ਜਾਂ ਮਨ-ਮਤੀ ਕਲਾ ਤੇ ਹੁਨਰ ਦੇ ਸਬੂਤ ਹਨ। ਸਾਡੀ ਹੁਨਰ ਵਾਲੇ ਪਾਸੇ ਵਰਤੀ ਜਾ ਰਹੀ ਅਣਗਹਿਲੀ ਦਾ ਸਭ ਤੋਂ ਵਡਾ ਸਬੂਤ ਸਾਡੇ ਬਹੁ ਭਾਤੇ ਗੁਰਦੁਆਰੇ ਹਨ ਜਿਨ੍ਹਾਂ ਦੀ ਬਣਤਰ ਠੁਕਦਾਰ ਨਹੀਂ।

ਕੁਝ ਗੁਰਦੁਆਰੇ ਇਸ ਤਰ੍ਹਾਂ ਲਗਦੇ ਹਨ ਜਿਵੇਂ ਅੰਗਰੇਜ਼ਾਂ ਦੇ ਬਣਾਏ ਡਾਕ ਬੰਗਲੇ ਹੋਣ। ਕਈ ਗੁਰਦੁਆਰੇ ਮਸੀਤਾਂ ਦਾ ਝੌਲਾ ਪਾਉਂਦੇ ਹਨ, ਕਈ ਇਸ ਤਰ੍ਹਾਂ ਦੇ ਹਨ ਜਿਵੇਂ ਮਧ ਵਰਗੀ ਬੰਦੇ ਦਾ ਘਰ ਹੋਵੇ। ਗੁੰਬਜਾਂ ਗੁੰਥ ਦੀਆਂ ਤੇ ਚੌ-ਮੁਖ਼ੀ ਦਰਸ਼ਨਾਂ ਦੇ ਭਿੱਤ ਜਿਵੇਂ ਸਾਡੀ ਕਲਾ ਦਾ ਭਾਗ ਹੀ ਨਹੀਂ ?

ਸਾਡੀ ਕਲਾ ਵਿਚ ਮੰਦਭਾਗਾਂ ਨੂੰ ਮੂਰਤੀਆਂ ਵੀ ਆ ਗਈਆਂ ਹਨ, ਸਿਖ ਧਰਮ ਇਸ ਮੂਰਤੀ ਪ੍ਰਵੇਸ਼ ਜਿਥੇ ਮੂਰਤੀ ਪੂਜਾ ਨੂੰ ਬੁਤ ਪ੍ਰਸਤੀ ਤਕ ਲੈ ਗਿਆ ਹੈ ਓਥੇ ਇਸ ਨੇ ਗੁਰੂ ਸਾਹਿਬਾਨ ਦੀਆਂ ਸ਼ਕਲਾਂ ਵੀ ਮਨ ਮਰਜ਼ੀ ਦੀਆਂ ਬਣਾਉਣ ਦੀ ਰੀਤੀ ਟੋਰ ਛੱਡੀ ਹੈ। ਸਿੱਖੀ ਵਿਚ ਮੂਰਤੀ ਪੂਜਾ ਨਹੀਂ ਸੀ, ਇਸ ਕਰਕੇ ਮੂਰਤੀ ਕਲਾ ਦਾ ਕੋਈ ਸਕੂਲ ਵੀ ਨਹੀਂ ਸੀ, ਗੁਰੂ ਸਾਹਿਬਾਨ ਵੇਲੇ ਦੋ ਤਿੰਨ ਮੂਰਤਾਂ ਮਸੱਵਰਾਂ ਵਲੋਂ ਬਨਾਉਣ ਦਾ ਜ਼ਿਕਰ ਮਿਲਦਾ ਹੈ। ਮਹਾਰਾਜਾ ਰਣਜੀਤ ਸਿੰਘ ਵੇਲੇ ਬਹੁਤ ਸਾਰੀਆਂ ਤਸਵੀਰਾਂ ਮਸਵਰਾਂ ਨੇ ਬਣਾਈਆਂ। ਉਹਨਾਂ ਦਾ ਅਧਾਰ ਜਾਂ ਤਾਂ ਉਹ ਸਿਖ ਅੱਖਾਂ ਸਨ ਜਿਨਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਜਾਂ ਕਲਾ ਉਤੇ ਸਿਖੀ ਚਰਿਤ੍ਰ, ਤੇ ਪ੍ਰਭਾਵਾਂ ਦੀ ਛਾਪ ਸੀ। ਅਜ ਕਲ ਦੀ ਮੂਰਤੀ ਕਲਾ ਉਤੇ ਬਦਰੰਗੀ ਸਾਧ, ਪ੍ਰਭਾਵੀ ਛਾਪ ਹੈ ਜਿਹੋ ਜਿਹਾ ਕਿਸੇ ਡੇਰੇ ਦਾ ਸੰਤ ਹੁੰਦਾ ਹੈ ਉਹੋ ਜਿਹੇ ਉਸਦੇ ਚੇਲੇ ਉਸ ਸੰਤ ਦੀ ਨਹੀਂ, ਗੁਰੂ ਦੀ ਮੂਰਤੀ ਬਣਾ ਕੇ ਵੇਚਣੀ ਅਰੰਭ ਕਰ ਦਿੰਦੇ ਹਨ। ਇਕ ਸੰਤ ਜੀ ਗੁਜ਼ਰੇ ਤਾਂ ਉਸ ਡੇਰੇ ਦੇ ਸ਼ਰਧਾਲੂਆਂ ਨੇ ਪਹਿਲਾਂ ਸੰਤਾਂ ਦੀ ਮੂਰਤੀ ਵਾਲੀ ਥਾਂ ਨਵੇਂ ਸੰਤ ਦੇ 'ਦਰਸ਼ਨਾਂ' ਵਾਲੀਆਂ ਮੂਰਤਾਂ ਗੁਰੂ ਨਾਨਕ ਦੇਵ ਜੀ ਦੇ ਨਾਮ ਉਤੇ ਪ੍ਰਚਲਤ ਕਰ ਦਿਤੀਆਂ। ਕਈ ਸੰਤ ਆਪਣੀਆਂ ਮੂਰਤਾਂ ਹੀ ਧਿਆਨ ਧਰਨ ਲਈ ਸੰਗਤਾਂ ਵਿਚ ਵੰਡਣ ਲਗ ਪਏ ਹਨ।

ਸਾਡੀ ਮੂਰਤੀਕਲਾ, ਜੋ ਸੋਹਜ ਤੱਕ ਹੀ


www.AKJ.Org

ਸੀਮਤ ਰਹਿਣੀ ਚਾਹੀਦੀ ਹੈ ਘਟੋ ਘੱਟ ਪ੍ਰਾਚੀਨ ਤਸਵੀਰਾਂ ਤੇ ਅਧਾਰਤ ਅਤੇ ਸਿੱਖੀ ਚਰਿੱਤ੍ਰ ਦੀ ਛਾਪ ਤੇ ਇਕ ਮੁਹਾਂਦਰੇ ਵਾਲੀ ਹੋਣੀ ਚਾਹੀਦੀ ਹੈ। ਜਿਹੋ ਜਿਹਾ ਕਿਸੇ ਨੂੰ ਕੋਈ ਚੇਹਰਾ ਸੋਹਣਾ ਲਗਿਆ ਓਹੋ ਜਿਹੀ ਗੁਰੂ ਜੀ ਦੀ ਮੂਰਤ ਬਣਾ ਦੇਣੀ ਸਾਡੀ ਚਿਤ੍ਰਕਲਾ ਦੀ ਅਧੋਗਤੀ ਦਾ ਪ੍ਰਮਾਣ ਹੈ।

ਰਾਗ ਜਾਂ ਸੰਗੀਤ ਸਾਡੀ ਬਹੁਮੁਲੀ ਵਰਾਸਤ ਹੈ, ਉਜੇਹਾ ਰਾਗ ਨਹੀਂ ਜਿਸ ਰਾਹੀਂ ਕੇਵਲ ਸੁਰ ਅਲਾਪ ਦਾ ਹੀ ਰਿਆਜ਼ ਕੀਤਾ ਜਾਵੇ ਸਿਖੀ ਅੰਦਰ ਰਾਗ ਵਿਚ ਪਾਇਕੇ ਸ਼ਬਦ ਗਾਵਣ ਦਾ ਹੁਕਮ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਥੋੜੇ ਜਿਹੀ ਬਾਣੀ ਤੋਂ ਛੁਟ ਸਾਰੀ ਬਾਣੀ ਰਾਗਾਂ ਵਿਚ ਹੈ। ਇਕ ਰਾਗ ਦੇ ਨਾਲ ਸੁਰ ਤਾਲ ਘਰ ਦੇਣ ਦਾ ਅਰਥ ਇਹ ਚੀਜ਼ਾਂ ਕੇਵਲ ਪਾਠ ਕਰਨ ਲਈ ਮੰਨਣੀਆਂ ਠੀਕ ਨਹੀਂ ਸਗੋਂ ਉਨ੍ਹਾਂ ਨੂੰ ਗਾਇਕ ਕਰਨ ਦੀਆਂ ਹਿਦਾਇਤਾਂ ਹਨ।

ਸਾਡੇ ਤੰਤੀ ਸਾਜਾਂ ਦੀ ਥਾਂ ਪਹਿਲਾਂ ਹਾਰ-ਮੋਨੀਅਮ ਨੇ ਲੈ ਲਈ ਹੁਣ ਰਾਗਾਂ ਦੀ ਥਾਂ ਸਿਨਮਾ ਤਰਜ਼ਾਂ ਆ ਗਈਆਂ। ਸਿਖ ਸੰਗੀਤ ਦੀ ਇਸ ਵੇਲੇ ਕੋਈ ਵਧੀਆ ਟਕਸਾਲ ਨਹੀਂ ਨਾ ਹੀ ਵਿਦਿਆਲਾ ਤੇ ਹੋਰ ਕੋਈ ਸੰਸਥਾ ਹੈ। ਪੰਥ ਦੇ ਮੁਖੀ ਅਜੇਹੇ ਮਿਜਾਜ਼ ਦੇ ਚਲਨ ਦੀ ਰੀਤੀ ਚਲ ਪਈ ਹੈ। ਜਿਨ੍ਹਾਂ ਦੇ ਇਹ ਚੀਜ਼ਾਂ ਮਿਜ਼ਾਜ ਵਿਚ ਨਹੀਂ ਆਉਂਦੀਆਂ। ਡੇਰੇਦਾਰ ਸੰਤ ਸਾਧ ਜੰਗੀਰਦਾਰ ਰਜਵਾੜਿਆਂ ਜਿਹੇ ਅਮੀਰੜੇ ਬਣ ਗਏ ਹਨ। ਉਨ੍ਹਾਂ ਲਈ ਹੋਰ ਧੰਦੇ ਤੇ ਕਾਰ ਵਿਹਾਰ ਮੋਟਰਾਂ ਟਰੱਕਾਂ ਟਿਊਬਵੈਲਾਂ ਦੀ ਸੰਭਾਲ ਟਰੈਕਟਰਾਂ ਵੀ ਟਰੇਨਿੰਗ ਜਿਤਨੀ ਜ਼ਰੂਰੀ ਹੈ ਉਤਨੀ ਸੰਗੀਤ ਤੇ ਸਿਖ ਸਾਹਿਤ ਦੇ ਵਿਦਵਾਨ ਬਣਨ ਦੀ ਨਹੀਂ। ਕਮੇਟੀਆਂ ਦਾ ਕੰਮ ਇਕ ਦੂਜੇ ਦੇ ਹਥੋਂ ਅਹੁਦੇ ਖੋਹਣ ਦੀ ਬਾਂਦਰ ਲੁਟ ਜਿਹਾ ਧੰਦਾ ਬਣ ਗਿਆ ਹੈ। ਕੋਈ ਵਿਰਲਾ ਹੀ ਸੇਵਕ ਤੇ ਪ੍ਰੇਮੀ ਹੈ ਜੋ ਇਸ ਜ਼ਮਾਨੇ ਵਿਚ ਹਰਾ ਰਹਿ ਗਿਆ ਹੋਵੇ ਨਹੀਂ ਤਾਂ ਹਰ ਪਾਸੇ ਮਰਝਾਉਣੀ ਹੀ ਛਾਈ ਹੋਈ ਹੈ।

ਮਹੰਤ ਗੱਜਾ ਸਿੰਘ ਦੀ ਗੁਰੂ ਸਰ ਦੀ ਸੰਗੀਤ ਟਕਸਾਲ ਕਿਥੇ ਹੈ ? ਮਹਾਰਾਜਾ ਭੂਪਿੰਦਰ ਸਿੰਘ ਦੇ ੩ ਲੱਖ ਖਰਚ ਕੇ ਲਿਖਾਏ ਸੰਗੀਤ੍ਰ ਗ੍ਰੰਥਾਂ ਦੇ ਆਰਕਾਈਵਜ ਵਿੱਚ ਕਿਤਨੇ ਭਾਗ ਹੈਨ ਤੇ ਕਿਤਨੇ ਨਹੀਂ ? ਇਨ੍ਹਾਂ ਦੀ ਕਿਸੇ ਲਈ ਜਾਣਕਾਰੀ ਜ਼ਰੂਰੀ ਨਹੀਂ। ਦਉਧਰ ਵਿਚ ਸੂਰਮੇ ਸਿੰਘਾਂ ਦੀ ਰਾਗ ਟਕਸਾਲ ਬੜੀ ਕੀਮਤੀ ਸੀ, ਉਹ ਵੀ ਮਰ ਗਈ ਹੈ। ਦਰਬਾਰ ਸਾਹਿਬ ਦੇ ਰਾਗੀ, ਸਸਤੇ ਰਖਣ ਦੀ ਰੁਚੀ ਕਾਰਨ ਪਹਿਲੇ ਦਰਜੇ ਦੇ ਨਹੀਂ ਰਹੇ ਤੇ ਜੋ ਹਨ ਉਨ੍ਹਾਂ ਚੋਂ ਕਈ ਇਉਂ ਹੈਨ ਜਿਵੇਂ ਉਨ੍ਹਾਂ ਬੱਧਾ ਚਟੀ ਭਰਨੀ ਹੁੰਦੀ ਹੈ। ਕੁਝਕੁ ਰਾਗੀ ਜਥੇ ਗੁਰਧਾਮਾਂ ਵਿਚ ਵਧੀਆ ਹੈਨ ਜੋ ਪ੍ਰੇਮ ਨਾਲ ਗੁਰੂ ਜਸ ਸਮਝ ਕੇ ਕੀਰਤਨ ਕਰਦੇ ਹਨਪਰ ਆਮ ਤੌਰਤੇਬਹੁਤੇ ਰਾਗੀ ਕੀਰਤਨ ਕਰਨ ਵੇਲੇ ਨਾ ਹੀ ਪਰੇਮ ਵਰਤਦੇ ਹਨ ਨਾ ਹੀ ਕੁਝ ਜ਼ੋਰ ਲਗਾਉਂਦੇ ਹਨ।ਪਿਛਲੇ ਸਾਲ ਗੁਰੂ ਰਾਮਦਾਸ ਜੀ ਦੇ ਪੁਰਬ ਸਮੇਂ ਸੰਗੀਤ ਦਰਬਾਰ ਦੇਖ ਕੇ ਸ਼ਰੋਮਣੀ ਕਮੇਟੀ ਵਾਲੇ ਆਪ ਮੰਨਦੇ ਸਨ ਕਿ ਉਨਾਂ ਦੇ ਰਾਗੀਆਂ ਦਾ ਸੁਭਾਉ ਨਾ ਮੇਹਨਤੀ ਰਿਹਾ ਹੈ ਨਾਂ ਉਹ ਜ਼ੋਰ ਨਾਲ ਕੀਰਤਨ ਕਰ ਸਕਦੇ ਹਨ।

(ਚਲਦਾ)


www.AKJ.Org

# ਗੁਰਮਤਿ ਵਿੱਚ ਸ਼ਾਂਤ ਰਸ (ਅਹਿੰਸਾ)

( ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਐਮ.ਏ., ਪਟਿਆਲਾ )

ਅਜ ਦੇ ਵਰਤਮਾਨ ਜੁਗ ਵਿੱਚ ਅਹਿੰਸਾ ਤੋਂ ਜੋ ਭਾਵ ਸਮਝਿਆ ਜਾਂਦਾ ਹੈ ਉਹ ਮਹਾਤਮਾ ਗਾਂਧੀ ਦੇ ਦਰਸਾਏ ਅਸੂਲਾਂ ਤੇ ਪਾਏ ਪੂਰਨਿਆਂ ਤੋਂ ਜਾਣਿਆ ਪਛਾਣਿਆ ਜਾਂਦਾ ਹੈ। ਮਹਾਤਮਾਂ ਗਾਂਧੀ ਨੇ ਆਪ ਕੋਈ ਕਾਢ ਤਾਂ ਨਹੀਂ ਕੱਢੀ ਪਰ ਹਾਂ ਮਹਾਤਮਾਂ ਬੁਧ ਦੀ ਨਕਲ ਕੀਤੀ ਹੈ। ਬੁਧ ਦਾ ਸਿਧਾਂਤ ਸੀ ਕਿ ਸਰੀਰ ਆਤਮਾਂ ਨਾਲੋਂ ਭੈੜੀ ਵਸਤੂ ਹੈ। ਸਰੀਰ ਕਰਕੇ ਆਤਮਾਂ ਨੂੰ ਪੰਜੇ ਦੋਖੀਆਂ (ਕਾਮ ਕ੍ਰੋਧ ਆਦਿਕ) ਦਾ ਮੁਕਾਬਲਾ ਕਰਨਾ ਪੈਂਦਾ ਹੈ। ਡਾਕਟਰ ਰਾਧਾ ਕ੍ਰਿਸ਼ਨ ਨੇ ਬੁਧ ਬਾਰੇ ਜੋ ਭਾਸ਼ਣ ਆਕਸਫੋਰਡ ਯੂਨੀਵਰਸਟੀ ਵਿੱਚ ਦਿਤਾ ਉਸ ਵਿਚ ਉਹ ਵਿਆਖਿਆ ਕਰਦੇ ਹੋਏ ਦਸਦੇ ਹਨ ਕਿ "ਬੁਧ ਨੇ ਸਰੀਰ ਨੂੰ ਅਨੇਕਾਂ ਸੰਜਮਾਂ ਤੇ ਸਾਧਨ ਨਾਲ ਸਾਧਿਆ ਪਰ ਇਸਤਰਾਂ ਕਰਨ ਨਾਲ ਉਹਨਾਂ ਦੀ ਆਤਮਾਂ ਮੰਦ ਪੈ ਗਈ ਹੈ।" ਬਾਦ ਵਿੱਚ ਉਹਨਾਂ ਨੂੰ ਗਿਆਨ ਹੋਇਆ ਜਦੋਂ ਸਰੀਰ ਨੂੰ ਕੁਝ ਭੁਖ ਹੜਤਾਲਾਂ ਤੋਂ ਬਚਾਇਆ। ਭਾਵ ਇਹ ਕਿ ਮਹਾਤਮਾਂ ਗਾਂਧੀ ਦਾ ਅਹਿੰਸਾ ਦਾ ਸਿਧਾਂਤ ਇਸ ਅਧਾਰ ਤੇ ਕਾਇਮ ਹੈ ਕਿ ਸਰੀਰ ਆਤਮਾਂ ਨਾਲੋਂ ਘਟੀਆ ਹੈ। ਕਿਉਂਕਿ ਇਹ ਇਕ ਘਟੀਆ ਵਸਤੂ ਹੈ ਇਸ ਲਈ ਇਸ ਦੇ ਬਲ ਦਾ ਪ੍ਰਯੋਗ ਕਰਨਾ ਵੀ ਇਕ ਘਟੀਆ ਦਰਜੇ ਦਾ ਸਾਧਨ ਹੈ। ਇਹਨਾਂ ਦਾ ਵਿਸ਼ਵਾਸ ਹੈ ਕਿ ਆਤਮਕ ਬਲ ਸਰੀਰਕ ਬਲ ਨਾਲੋਂ ਕਿਤੇ ਵਧੇਰੇ ਉਚਾ ਹੈ। ਮਨੁਖ ਨੇ ਚੂੰਕਿ ਆਤਮਾਂ ਦਾ ਅਨੁਭਵ ਕਰ ਲਿਆ ਹੈ ਇਸ ਲਈ ਉਚਿਤ ਹੈ ਕਿ ਹੋਰ ਪਸ਼ੂ ਬਿਰਤੀ ਵਾਲੇ ਜੰਤਾਂ ਦੇ ਮੁਕਾਬਲੇ ਉਹ ਇਕ ਉਚੇ ਦਰਜੇ ਦੀ ਸ਼ਕਤੀ ਨੂੰ ਵਰਤੋਂ ਵਿਚ ਲਿਆਵੇ।

ਇਹ ਸਿਧਾਂਤ ਭਾਵੇਂ ਮੌਜੂਦਾ ਸਦੀ ਵਿਚ ਕਾਫੀ ਵੱਡੇ ਪੈਮਾਨੇ ਤੇ ਵਰਤੋਂ ਵਿਚ ਲਿਆਂਦਾ ਗਿਆ। ਪਰ ਇਹ ਸਿਧਾਂਤ ਕੋਈ ਨਵੀਨ ਨਹੀਂ ਸਗੋਂ ਬੁਧ ਤੋਂ ਵੀ ਸ਼ਾਇਦ ਪੁਰਾਣਾ ਹੈ। ਇਤਿਹਾਸ ਇਸ ਗਲ ਦੀ ਗਵਾਹੀ ਦਿੰਦਾ ਹੈ ਕਿ ਬੁਧ ਦੇ ਇਸ ਸਿਧਾਂਤ ਨੇ ਸਾਰੇ ਭਾਰਤ ਵਰਸ਼ ਨੂੰ ਨ ਕੇਵਲ ਨਿਤਾਣਾ ਤੇ ਕਮਜ਼ੋਰ ਬਣਾ ਦਿਤਾ ਸਗੋਂ ਹੌਲੀ ਹੌਲੀ ਸਮੁਚੇ ਦੇਸ਼ ਨੂੰ ਤਾਕਤਵਰ ਜਰਵਾਣਿਆਂ ਦੇ ਅਧੀਨ ਕਰ ਕਈ ਸੌ ਸਾਲਾਂ ਦੀ ਗੁਲਾਮੀ ਦਾ ਜੂਲਾ ਕੌਮ ਦੇ ਮੋਢਿਆਂ ਤੇ ਪਾ ਦਿਤਾ।

ਗੁਰਮਤਿ ਨੇ ਇਸ ਸਿਧਾਂਤ ਨੂੰ ਸੋਧਿਆ ਅਤੇ



www.AKJ.Org

ਦਸਿਆ ਕਿ ਦੇਹੀ ਤੇ ਆਤਮਾ ਉਸ ਮਾਲਕ ਦੀਆਂ ਸਿਰਜੀਆਂ ਵਸਤਾਂ ਹਨ। ਦੇਹੀ ਅੰਦਰ ਹੀ 'ਹਟ ਪਟਣ ਬਾਜਾਰਾ' ਹਨ ਜਿਸਨੂੰ ਗੁਰਮੁਖ ਗੁਰਮੁਖ ਜਨ ਖੋਜ ਸਕਦੇ ਹਨ। ਤਨ ਮਟਕੀ ਜਾਣਕੇ ਮਨ ਅੰਦਰ ਹੀ "ਹਰਿ ਕਾ ਬਿਲੋਵਨਾ" ਬਿਲੋਵਨ ਦਾ ਆਦੇਸ਼ ਦਿਤਾ, ਅਤੇ ਸੰਜਮਾਂ ਸਾਧਨਾਵਾਂ ਨਾਲ ਸਰੀਰਕ ਬਲ ਨੂੰ ਖਤਮ ਕਰਨ ਦੀ ਥਾਂ 'ਤਿਸੁ ਦੇਹੀ ਕੋ ਪਾਲ' ਦਾ ਹੁਕਮ ਦਿਤਾ ਕਿ ਜੇ ਆਤਮ ਰਸ ਮਾਣਨਾ ਹੈ ਤਾਂ ਆਪਣੇ ਸਰੀਰ ਨੂੰ ਖੀਣ ਹੋਣ ਸਮੇਂ ਤਕ ਸਵਸਥ ਅਤੇ ਰਿਸ਼ਟ ਪੁਸ਼ਟ ਰਖਣਾ ਅਤਿ ਜ਼ਰੂਰੀ ਹੈ। ਇਥੋਂ ਤਕ ਫੁਰਮਾਨ ਹੋਇਆ ਹੈ "ਇਸ ਦੇਹੀ ਕਉ ਸਿਮਰਹਿ ਦੇਵ ॥ ਸਾ ਦੇਹੀ ਭਜ ਹਰਿ ਕੀ ਸੇਵ।"

ਭਾਵ ਮੁਨਖਾ ਦੇਹੀ ਇਤਨੀ ਹੀ ਜ਼ਰੂਰੀ ਹੈ, ਮਨੁਖ ਦੇ ਵਿਕਾਸ ਲਈ, ਜਿਤਨੀ ਆਤਮਾ। ਆਤਮਾਂ ਤੇ ਦੇਹੀ ਦੋਵੇਂ ਲੋੜੀਦੀਆਂ ਵਸਤਾਂ ਹਨ ਸਮੁਚੇ ਵਿਕਾਸ ਲਈ। ਇਸ ਲਈ ਆਤਮਕ ਬਲ ਅਤੇ ਸਰੀਰਕ ਬਲ ਦਾ ਹੋਣਾ ਅਤਿ ਜ਼ਰੂਰੀ ਹੈ ਐਸਾ ਉਪਦੇਸ਼ ਗੁਰਮਤਿ ਨੇ ਦਿਤਾ। ਅਸੀਂ ਕਈ ਵੇਰ ਗੁਰ-ਇਤਿਹਾਸ ਪੜ ਪੜ ਹੈਰਾਨ ਹੁੰਦੇ ਹਾਂ ਕਿ ਛੇਵੇਂ ਸਤਿਗੁਰ ਅਤੇ ਦਸਵੇਂ ਪਾਤਸ਼ਾਹ ਆਪਣੇ ਸਿੰਘਾਂ ਨੂੰ ਕਿਸ ਤਰਾਂ ਵਰਜ਼ਸ਼ਾਂ, ਕਸਰਤਾਂ ਕਰਾਉਂਦੇ, ਘੋਲ ਕਰਾਂਉਦੇ ਤੇ ਪ੍ਰਸੰਨ ਹੁੰਦੇ ਸਨ। ਸਿੰਘਾਂ ਦੇ ਸਰੀਰ ਸਡੋਲ ਸੋਹਣੇ ਤੇ ਬੜੇ ਮਜ਼ਬੂਤ ਹੁੰਦੇ ਸਨ। ਜਿਸ ਸਿਧਾਂਤ ਨੂੰ ਸਤਿਗੁਰਾਂ ਨੇ ਪ੍ਰਚਾਰਿਆ ਉਸਨੂੰ ਆਪ ਅਮਲੀ ਜਾਮਾ ਵੀ ਪਹਿਨਾ ਕੇ ਦਸਿਆ।

ਮਹਾਤਮਾਂ ਗਾਂਧੀ ਦੇ ਅਨੁਸਾਰ ਜਦੋਂ ਕਦੀ ਵੀ ਉਹ ਗੁਸੇ ਹੋ ਜਾਂਦੇ, ਜਾਂ ਕਦੀ ਸੁਭਾਵਕ ਕੋਈ ਭੁਲ ਕਰ ਲੈਂਦਾ ਤਾਂ ਵਿਚਾਰੇ ਸਰੀਰ ਦੀ ਮੁਸੀਬਤ ਆ ਜਾਂਦੀ। ਕਰੇ ਕੋਈ ਤੇ ਭਰੇ ਕੋਈ। ਦੋ ਵਰਤ ਤੇ ਵਰਤ, ਕਈ ਕਈ ਦਿਨ ਕੜਾਕੇ ਪਰ ਇਸ ਦੇ ਉਲਟ, ਸਿੰਘਾਂ ਵਿਚ ਅਜ ਵੀ ਜੇ ਕਿਸੇ ਪਾਸੋਂ ਕੋਈ ਬਜਰ ਭੁਲ ਹੋ ਜਾਏ ਤਾਂ ਗੁਰੂ ਰੂਪ ਪੰਜ ਪਿਆਰੇ ਪਰੰਮਪਰਾ ਤੋਂ ਚਲੀ ਆਈ ਤਨਖਾਹ ਲਾਉਂਦੇ ਹਨ ਕਿ ਅਮੁਕ ਬਾਣੀ ਦਾ ਪਰੇਮ ਨਾਲ ਪਾਠ ਕਰੋ, ਜਾਂ ਅਜਿਹੀ ਸੇਵਾ ਬਖ਼ਸ਼ਦੇ ਹਨ ਜਿਸ ਨਾਲ ਮਨ ਨਿਰਮਲ ਹੋ ਜਾਵੇ। ਸਰੀਰ ਨੂੰ ਬਜਾਏ ਕਸ਼ਟ ਦੇਣ ਦੇ ਸੇਵਾ ਹਿਤ ਲਾਇਆ ਜਾਂਦਾ ਹੈ, ਜੋੜੇ ਝਾੜਨੇ, ਲੰਗਰ ਲਈ ਆਟੇ ਪੀਸਣ ਦੀ ਸੇਵਾ, ਪੱਖਾ ਝਲਣਾ ਆਦਿ ਸੇਵਾ ਨਾਲ ਮਨ ਸੋਧਿਆ ਜਾਂਦਾ ਹੈ।

ਹੁਣ ਦੇਖਣ ਵਾਲੀ ਗਲ ਇਹ ਹੈ ਕਿ ਬਦੀ ਜਾਂ ਬੁਰਾਈ *(evi )* ਦਾ ਮੁਕਾਬਲਾ ਕਿਸਤਰਾਂ ਕਰਨਾ ਚਾਹੀਦਾ ਹੈ ? ਭਾਵ ਕਾਮ ਕ੍ਰੋਧ ਅਹਿੰਕਾਰ ਆਦਿਕ ਪੰਜਾਂ ਨੂੰ ਜਿਤਣ ਲਈ ਕਹਿੜੀ ਸ਼ਕਤੀ ਵਰਤਣੀ ਉਚਿਤ ਹੈ ? ਆਤਮਕ ਜਾਂ ਸਰੀਰਕ ? ਜੇ ਕੋਈ ਗੁਸੇ ਵਿਚ ਆਕੇ ਕਿਸੇ ਨਿਰਦੋਸ਼ ਮਾਸੂਮ ਨੂੰ ਮਾਰੇ, ਜਾਂ ਕਾਮ-ਵਸ ਹੋਇਆ ਕੋਈ ਵਿਅਕਤੀ ਕਿਸੇ ਮਾਸੂਮ ਅਬਲਾ ਤੇ ਹਮਲਾ ਕਰ ਰਿਹਾ ਹੋਵੇ, ਜਾਂ ਕੋਈ ਜਰਵਾਣਾ ਜ਼ੁਲਮ ਕਮਾਉਣ ਲਈ ਨਿਰਬਲ ਜਨਤਾ ਨੂੰ ਦੁਖੀ ਕਰਦਾ ਹੋਵੇ, ਉਸ ਵੇਲੇ ਕੇਹੜੀ ਸ਼ਕਤੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ, ਆਤਮਕ ਜਾਂ ਸਰੀਰਕ ?

ਇਥੇ ਆਕੇ, ਜੀਵਨ ਦੇ ਰੰਗ ਮੰਚ ਤੇ ਵੇਖਣਾ ਇਹ ਹੈ ਕਿ ਅਹਿੰਸਾ ਦਾ ਆਧਾਰ ਕੇਹੜੀ ਸ਼ਕਤੀ ਹੋਵੇ ਨਿਰੀ ਆਤਮਕ ਜਾਂ ਨਿਰੀ


www.AKJ.Org

ਸਰੀਰਕ ? ਜੇ ਗਾਂਧੀ ਜੀ ਨੂੰ ਪੁਛਿਆ ਜਾਏ ਮਹਾਰਾਜ ਅਬਲਾ ਤੇ ਨਿਰਦੋਖਾਂ ਮਜ਼ਲੂਮਾਂ ਦੀ ਰਖਿਆ ਕਿਵੇਂ ਕਰਨੀ ਉਚਿਤ ਹੈ ਤਾਂ ਉਹਨਾਂ ਦਾ ਇਕੋ ਹੀ ਇਕ ਉਤਰ ਹੈ 'ਆਪਣੇ ਸਰੀਰ ਨੂੰ ਤਸੀਹੇ ਦੇਕੇ ਭਾਂਬੜ ਬਾਲੋ ਤੇ ਉਸ ਸੇਕ ਨਾਲ ਜ਼ਰਵਾਣੇ ਜਾਂ ਕਾਮ ਵਸ ਹੋਏ ਜਾਂ ਕ੍ਰੋਧੀ ਦਾ ਕ੍ਰੋਧ ਹਰੋ। ਜੇ ਸਰੀਰਕ ਸ਼ਕਤੀ ਦਾ ਪ੍ਰਯੋਗ ਕੀਤਾ ਤਾਂ ਇਹ ਅਹਿੰਸਾ ਨਹੀਂ ਹੋਵੇਗੀ।" ਅਹਿੰਸਾ ਦੇ ਅਰਥ ਤਾਂ (*Negative*) ਸਰੀਰਕ ਬਲ ਦੀ ਨ ਵਰਤੋਂ ਕਰਨ ਦਾ ਹੈ। ਆਤਮਕ ਬਲ ਨਾਲ ਆਤਮਾਂ ਨੂੰ ਜਗਾਓ।

ਆਓ ਅਸੀਂ ਥੋੜੀ ਦੇਰ ਲਈ ਮਹਾਤਮਾਂ ਜੀ ਦੀ ਗਲ ਮੰਨ ਲਈਏ। ਸਾਡੇ ਪੰਜਵੇਂ ਸਤਿਗੁਰਾਂ ਨੇ ਤੱਤੀ ਤਵੀ ਤੇ ਬੈਠਨਾ ਸਵੀਕਾਰ ਕੀਤਾ ਘੋਰ ਤਸੀਹੇ ਸਹੇ, ਕੀ ਮੁਗਲਾਂ ਦੀ ਆਤਮਾਂ ਜਾਗੀ ? ਦੋ ਮਾਸੂਮ ਸਾਹਿਬਜ਼ਾਦੇ ਅਤੇ ਨਾਵੇਂ ਸਤਿਗੁਰ ਜਾਮੇ-ਸ਼ਹਾਦਤ ਪੀ ਗਏ, ਕੀ ਪਥਰ ਹੋਈ ਮੁਗ਼ਲ ਆਤਮਾਂ ਵਿਚ ਉਭਾਰ ਆਇਆ ? ਨਹੀਂ ਨਹੀਂ। ਹੈਂ ਇਤਨੀਆਂ ਸ਼ਹੀਦੀਆਂ ਹੋਈਆਂ, ਬੰਦ ਬੰਦ ਕਟਾਏ, ਖੋਪਰੀਆਂ ਉਤਰਵਾਈਆਂ, ਕੀਮਾਂ ਕੀਮਾਂ ਕੀਤੇ ਗਏ, ਬਚਿਆਂ ਦੇ ਟੁਕੜੇ ਟੁਕੜੇ ਕਰਕੇ ਮਾਤਾਵਾਂ ਦੀਆਂ ਝੋਲੀਆਂ ਵਿਚ ਪਾਇਆ ਗਿਆ ਇਸ ਸਾਰੇ ਡਰਾਮੇ ਵਿੱਚ ਮਹਾਤਮਾਂ ਜੀ ! ਕਿਸ ਦੀ ਆਤਮਾਂ ਜਗਾਈ ਜਾ ਰਹੀ ਸੀ ? ਗੁਰਸਿਖਾਂ ਦੀ ਜਾਂ ਮੁਗਲਾਂ ਦੀ ?

ਮੇਰਾ ਖ਼ਿਆਲ ਹੈ ਕਿ ਮਹਾਤਮਾਂ ਗਾਂਧੀ ਨੂੰ ਵੈਸੇ ਬਹੁਤਾ ਹੀ ਪਲੋਸਿਆ ਪੁਚਕਾਰਿਆ ਗਿਆ ਹੈ, ਲਾਡਲੇ ਬਾਲਕ ਵਾਂਗ ਕਦੀ ਕੁਝ ਤੇ ਕਦੀ ਕੁਝ, ਜੋ ਮਨ ਵਿੱਚ ਆਉਂਦਾ ਕਰ ਲੈਂਦਾ ਸੀ, ਇਹੋ ਜਿਹੇ ਭੂਸਰੇ ਹੋਏ ਨੂੰ ਦਸਵਾਂ ਪਾਤਸ਼ਾਹ ਗੁਮਰਾਹ ਦੇਸ਼ ਭਗਤ ਹੀ ਦਿਸਣਾ ਸੀ। (Misguided patriot) ਸਤਿਗੁਰਾਂ ਦੇ ਦਰਸਾਏ ਮਾਰਗ ਅਨੁਸਾਰ ਸਰੀਰਕ ਬਲ ਦਾ ਪ੍ਰਯੋਗ ਉਦੋਂ ਬਿਲਕੁਲ ਜਾਇਜ਼ ਹੈ ਤੇ ਧਰਮ ਦੇ ਅਨੁਕੂਲ ਹੈ ਜਦੋਂ ਜਾਬਰ ਦੀ ਬੁਧੀ ਸਭਿਅਤਾ ਤੇ ਮਨੁਖੀ ਦੇ ਕਿਸੇ ਅਸੂਲ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ।
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰੇ ਦਸਤ।
(ਜ਼ਫਰਨਾਮਾ)

ਜਦੋਂ ਤੇਰੇ ਅਮਨ ਦੇ ਸਾਰੇ ਜਤਨ ਨਾ-ਕਾਮਯਾਬ ਹੋ ਜਾਣ ਉਦੋਂ ਸ੍ਰੀ ਸਾਹਿਬ ਹਥ ਵਿਚ ਫੜ ਲੈਣੀ ਧਰਮ ਹੀ ਹੈ) ਸਿਧਾਂਤਕ ਤੌਰ ਤੇ ਸਤਿਗੁਰਾਂ ਨੇ ਇਸ ਗਲ ਨੂੰ ਪਰਵਾਨ ਕੀਤਾ ਹੈ ਕਿ ਸਰੀਰਕ ਬਲ ਨਿਮਨ ਸ਼੍ਰੇਣੀ ਦਾ ਬਲ ਨਹੀਂ ਇਸ ਦੀ ਯੋਗ ਅਤੇ ਸਮੇਂ ਸਿਰ ਤੇ ਵਰਤੋਂ ਕਰਨਾ ਕੋਈ ਨੀਚ ਕੰਮ ਨਹੀਂ। ਸਰੀਰਕ ਬਲ ਆਪਣੀ ਥਾਂਵੇ ਪਰਧਾਨ ਹੈ ਅਤੇ ਆਤਮਕ ਬਲ ਆਪਣੀ ਥਾਂਵੇ। ਇਸ ਆਤਮਾਂ ਨੇ ਜੋ ਸੰਸਾਰ ਯਾਤਰਾ ਕਰਨੀ ਹੈ ਤਾਂ ਸਰੀਰ ਉਸਦਾ ਵਾਹਨ (Conveyence) ਹੈ ਇਹ ਆਤਮਾਂ ਦੇ ਆਪਣੇ ਸੋਚਣ ਦਾ ਵਿਸ਼ਾ ਹੈ ਕਿ ਕਿਵੇਂ ਉਸ ਨੇ ਇਸ ਸਰੀਰ ਨੂੰ ਵਰਤਣਾ ਹੈ, ਜ਼ੁਲਮਾਂ ਨੂੰ ਵੇਖ ਕੇ ਬਰਦਾਸ਼ਤ ਕਰੀ ਜਾਣਾ ਹੈ, ਜਾਂ ਸੇਵਾ ਰਖਿਆ ਲਈ ਸਫਲ ਕਰਨਾ ਹੈ ? ਇਥੇ ਆਕੇ ਗਾਂਧੀ, ਗੋਤਮ ਤੇ ਟਾਲਸਟਾਇ ਦੇ ਉਲੀਕੇ ਸਿਧਾਂਤ ਪਿਛੇ ਰਹਿ ਜਾਂਦੇ ਹਨ, ਤੇ ਸਤਿਗੁਰਾਂ ਦੇ ਸਿਧਾਂਤ ਨਿਖੜ ਕੇ ਮਹਿਕਦੇ ਫੁਲਾਂ ਵਾਂਗ ਚਮਨ ਵਿੱਚ ਆਪਣੀ ਮਹਿਕ ਦੇ ਰਹੇ ਹਨ। ਦੁਨੀਆਂ ਦਾ ਸ਼ਾਇਦ ਹੀ ਕੋਈ ਧਰਮ ਹੈ ਜਿਸ ਵਿਚ ਹਿੰਸਾ ਤੇ ਅਹਿੰਸਾ ਦਾ ਇਤਨਾਂ ਸੁੰਦਰ ਮੇਲ (Co-relation) ਕੀਤਾ ਗਿਆ ਹੋਵੇ।

—o—



www.AKJ.Org

# ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ

( ਭਾਈ ਜਗਜੀਤ ਸਿੰਘ ਪ੍ਰਧਾਨ ਪੰਜਾਬ ਖਾਲਸਾ ਦਲ, ਪਟਿਆਲਾ )

'ਅੰਮ੍ਰਿਤ' ਇਕ ਉਹ ਵਸਤੂ ਹੈ ਜਿਸਦੇ ਛਕਣ ਨਾਲ ਅਮਰ ਹੋ ਜਾਈਦਾ ਹੈ, ਜਨਮ ਮਰਨ ਦੇ ਗੇੜੇ ਚੋਂ ਖਲਾਸੀ ਮਿਲਦੀ ਹੈ ਅਤੇ ਸੰਸਾਰਕ ਜੀਵਨ ਵੀ ਸੁਹਾਵਣਾ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਆਪਣੇ ਸਿਖਾਂ ਨੂੰ ਨਵੇਂ ਜੀਵਨ ਬਖਸ਼ ਦਿਤੇ ਅਤੇ ਲੋਕ ਪ੍ਰਲੋਕ ਸੁਹੇਲੇ ਕਰ ਦਿਤੇ। ਉਹ ਅੰਮ੍ਰਿਤ ਜਿਸ ਨੂੰ ਖੋਜਦੇ ਹੋਏ ਰਿਸ਼ੀ ਮੁਨੀ ਮਰ ਖਪ ਗਏ ਪ੍ਰੰਤੂ ਇਸ ਅਮੋਲਕ ਵਸਤੂ ਨੂੰ ਪ੍ਰਾਪਤ ਨਾ ਕਰ ਸਕੇ, ਗੁਰੂ ਸਾਹਿਬ ਨੇ ਆਪਣੇ ਸਿਖਾਂ ਨੂੰ ਬਖਸ਼ ਦਿਤੀ।

ਸੁਰ ਨਰਿ ਮੁਨ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ

ਖੰਡਾ ਦਾ ਅੰਮ੍ਰਿਤ ਗੁਣਾ ਦਾ ਖਜ਼ਾਨਾ ਹੈ। ਜਿਸ ਨੂੰ ਪ੍ਰਾਪਤ ਹੋ ਜਾਂਦਾ ਹੈ ਉਸ ਤੋਂ ਕਾਇਰਤਾ, ਗਿਦੜਪੁਣੇ ਦਾ ਨਾਸ਼ ਹੋ ਜਾਂਦਾ ਹੈ ਅਤੇ ਨਵੀਂ ਰੂਹ ਫੂਕੀ ਜਾਂਦੀ ਹੈ। ਅੰਮ੍ਰਿਤ ਛਕ ਕੇ ਸਿਖ ਦਾ ਨਵਾਂ ਜੀਵਨ ਆਰੰਭ ਹੁੰਦਾ ਹੈ। ਅੰਮ੍ਰਿਤ ਛਕ ਕੇ ਸਿਖ ਆਪਣਾ ਤਨ, ਮਨ ਧਨ ਗੁਰੂ ਦੇ ਅਰਪਣ ਕਰ ਦਿੰਦਾ ਹੈ। ਅਗੋਂ ਲਈ ਉਹਦਾ ਫਰਜ਼ ਸਿਖੀ ਦੇ ਅਸੂਲਾਂ ਦਾ ਧਾਰਨੀ ਹੋਣਾ ਅਤੇ ਇਹਨਾਂ ਨੂੰ ਆਪਣੇ ਅਮਲੀ ਜੀਵਨ ਵਿਚ ਢਾਲਨਾ ਹੁੰਦਾ ਹੈ। ਆਓ ਸਿਖੀ ਰਹਿਤ ਮਰਯਾਦਾ ਉਤੇ ਵਿਚਾਰ ਕਰੀਏ।

ਅੰਮ੍ਰਿਤ ਵੇਲੇ ਨਿਤਨੇਮ ਕਰਕੇ ਮੰਨ ਨੂੰ ਸ਼ਾਂਤੀ ਅਤੇ ਆਤਮਕ ਅਨੰਦ ਮਿਲਦਾ ਹੈ। ਪੰਜ ਕਕਾਰਾਂ ਦੇ ਧਾਰਨੀ ਹੋਣ ਨਾਲ ਸਰੀਰ ਦੀ ਰੂਹ ਰਹਿਮਤ ਨੂੰ ਸੁਧ ਮਿਲਦੀ ਹੈ। ਪੰਜੇ ਕਕਾਰ ਹੀ ਸਰੀਰ ਦੇ ਜ਼ਰੂਰੀ ਅੰਗ ਹਨ। ਇਹ ਕਕਾਰ ਨਿਤ ਜੀਵਨ ਵਿਚ ਸਹਾਈ ਹੁੰਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਿਖੀ ਰਹਿਤ ਮਰਯਾਦਾ ਨੂੰ ਪਿਆਰ ਕਰਦੇ ਹਨ ਨਾਂ ਕਿ ਸਿਖਾਂ ਦੀਆਂ ਸ਼ਕਲਾਂ (ਦੇਹਾਂ) ਨੂੰ। ਉਹ ਤਾਂ ਕਹਿੰਦੇ ਸਨ—

ਰਹਿਣੀ ਰਹੇ ਸੋਈ ਸਿਖ ਮੇਰਾ।
ਉਹ ਸਾਹਿਬ ਮੈਂ ਉਸਕਾ ਚੇਰਾ।

ਅਤੇ

ਰਹਿਤ ਪਿਆਰੀ ਮੋਹਿ ਕੋ, ਸਿਖ ਪਿਆਰਾ ਨਾਹਿ॥

ਕਿਤਨੀ ਨਿਮਰਤਾ ਅਤੇ ਆਤਮਕ ਉਚਤਾ ਸੀ ਸਾਹਿਬਾਂ ਵਿਚ! ਇਕ ਸਿਖ ਜਿਹੜਾ ਸਿਖੀ ਰਹਿਤ ਮਰਯਾਦਾ ਉਤੇ ਚਲਕੇ ਆਪਣਾ ਜੀਵਨ ਬਤਾਉਂਦਾ ਹੈ, ਨੂੰ ਆਪਣਾ ਮਾਲਕ ਕਹਿਕੇ ਨਿਵਾਜਿਆ ਹੈ। ਤਾਂ ਹੀ ਤਾਂ ਅਸੀ ਕਹਿੰਦੇ ਹਾਂ—

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।



www.AKJ.Org

ਜੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਤਾਂ ਫਿਰ ਆਪ ਜੀ ਉਨ੍ਹਾਂ ਤੋਂ ਅੰਮ੍ਰਿਤ ਛਕਕੇ ਗੋਬਿੰਦ ਸਿੰਘ ਬਣੇ। ਇਹੋ ਆਦਰਸ਼ਕ ਗੁਣ ਸਨ ਜਿਨ੍ਹਾਂ ਕਾਰਣ ਸਾਹਿਬਾਂ ਦਾ ਮਿਸ਼ਨ ਸਫਲ ਰਿਹਾ ਅਤੇ ਜ਼ੁਲਮ ਅਤੇ ਜਬਰ ਵਿਰੁਧ ਅੰਦੋਲਨ ਵਿਚ ਸਫਲਤਾ ਪ੍ਰਾਪਤ ਕੀਤੀ।

ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਅਜਿਹੇ ਮਹਾਂਬਲੀ ਸਤਿਗੁਰੂ ਦੇ ਛਕਾਏ ਹੋਏ ਖੰਡੇ ਦੇ ਅੰਮ੍ਰਿਤ ਨੂੰ ਪ੍ਰਾਪਤ ਕਰ ਸਕਦੇ ਹਾਂ। ਅਸੀਂ ਉਸ ਗੁਰੂ ਦੇ ਸਪੁਤਰ ਹਾਂ ਜਿਸਨੇ ਆਪਣਾ ਸਾਰਾ ਸੂਬੰਸ ਅਤੇ ਦੇਸ਼ ਅਸਾਡੀ ਖਾਤਰ ਕੁਰਬਾਨ ਕਰ ਦਿਤਾ। ਸਾਹਿਬਾਂ ਦੇ ਚੌਹਾਂ ਸਪੁੱਤਰਾਂ ਨੇ ਵੀ ਅਸਾਡੀ ਖਾਤਰ, ਦੇਸ਼ ਦੀ ਖ਼ਾਤਰ ਆਪਣਾ ਬਲੀਦਾਨ ਦਿਤਾ। ਪੁਤਰਾਂ ਦੀ ਸ਼ਹੀਦੀ ਦੀ ਬਲੀ ਦੇ ਕੇ ਵੀ ਗੁਰੂ ਸਾਹਿਬਾਂ ਦੇ ਮਿਸ਼ਨ ਵਿਚ ਫ਼ਰਕ ਨਾ ਆਇਆ।

ਉਨ੍ਹਾਂ ਨੇ ਖਾਲਸੇ ਨੂੰ ਆਪਣਾ ਸਪੁਤਰ ਕਹਿ ਕੇ ਨਿਵਾਜਿਆ। ਗੁਰੂ ਸਾਹਿਬ ਦੇ ਬੀਰ ਸਪੁਤਰ ਸਵਾ ਲਖ ਨਾਲ ਇਕੱਲੇ ਲੜੇ, ਸੀਸ ਧੜਾਂ ਨਾਲੋਂ ਵਖ ਹੋਣ ਤੇ ਵੀ, ਆਪਣੀ ਤਲੀ ਉਤੇ ਸੀਸ ਟਿਕਾ ਕੇ ਲੜੇ, ਦੁਨੀਆਂ ਦੇ ਇਤਿਹਾਸ ਵਿਚ ਮਿਸਾਲ ਕਾਇਮ ਕਰ ਦਿਤੀ ਤਾਂ ਕਿਸ ਸਦਕਾ, ਸਿਰਫ ਅੰਮ੍ਰਿਤ ਦੀ ਤਾਕਤ ਸਦਕਾ। ਇਤਨੀ ਤਾਕਤ ਉਨ੍ਹਾਂ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖੰਡੇ ਦਾ ਅੰਮ੍ਰਿਤ ਛਕਕੇ ਹੀ ਆਈ।

ਆਓ, ਆਪਾਂ ਵੀ ਅੰਮ੍ਰਿਤ ਛਕ ਕੇ, ਆਪਣੇ ਜੀਵਨ ਨੂੰ ਸਫਲ ਬਣਾਈਏ, ਗੁਰੂ ਸਾਹਿਬਾਂ ਦੇ ਦਸੇ ਅਸੂਲਾਂ ਨੂੰ ਸਾਰੀ ਦੁਨੀਆਂ ਵਿਚ ਪ੍ਰਚਾਰਨ ਦਾ ਮਨ ਬਣਾ ਲਈਏ ਅਜ ਲੋੜ ਹੈ ਦੁਨੀਆਂ ਨੂੰ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੀ। ਇਸ ਤਪਦੇ ਸੜਦੇ ਸੰਸਾਰ ਨੂੰ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਅਤੇ ਖੰਡੇ ਦਾ ਅੰਮ੍ਰਿਤ ਹੀ ਠਾਰ ਸਕਦਾ ਹੈ :

ਪੀਵਹੁ ਪਾਹੁਲ ਖੰਡੇ ਧਾਰ, ਹੋਵੇ ਜਨਮ ਸੁਹੇਲਾ॥

## ਚਿਟ ਨੰਬਰ ਦਾ ਹਵਾਲਾ ਕਿਉਂ ਜ਼ਰੂਰੀ ਹੈ ?

ਪਾਠਕਾਂ ਨੂੰ ਬਿਨੇ ਕੀਤੀ ਜਾਂਦੀ ਹੈ ਕਿ ਜਦੋਂ ਵੀ ਇਸ ਦਫ਼ਤਰ ਨਾਲ, ਪੁਛ ਗਿਛ ਦੀ ਕਿਸੇ ਤਰ੍ਹਾਂ ਦਾ ਵੀ ਚਿਠੀ-ਪੱਤਰ ਕਰਨਾ ਹੋਵੇ ਤਾਂ ਸਾਡੀ ਸਹੂਲਤ ਲਈ ਤੇ ਛੇਤੀ ਜਵਾਬ ਲਈ ਕ੍ਰਿਪਾ ਕਰਕੇ ਆਪਣਾ ਮੈਂਬਰ ਸ਼ਿਪ ਨੰਬਰ ਦਾ ਜ਼ਰੂਰ ਹਵਾਲਾ ਦਿਉ। ਹਵਾਲਾ ਨਾ ਦੇਣ ਵਿਚ ਸਾਨੂੰ ਕਾਫ਼ੀ ਪੜਤਾਲ ਕਰਨੀ ਪੈਂਦੀ ਹੈ। ਜੇ ਤੁਸੀਂ ਅਜੇ ਸਾਡੇ ਮੈਂਬਰ ਨਹੀਂ ਬਣੇ ਤਾਂ ਮੈਂਬਰਸ਼ਿਪ ਨੰਬਰ ਦੀ ਥਾਂ ਇਹ ਸਪਸ਼ਟ ਲਿਖ ਦਿਆ ਕਰੋ 'ਨਹੀਂ ਹੈ', ਤਾਕਿ ਅਸੀਂ ਵਾਧੂ ਪੜਤਾਲ ਦੀ ਖੇਚਲ ਤੋਂ ਬਚ ਸਕੀਏ। ਧੰਨਵਾਦ !

ਦਾਸ—ਮੈਨੇਜਰ 'ਸੂਰਾ' ਪਟਿਆਲਾ।

## † ਜ਼ਰੂਰੀ ਬੇਨਤੀ †

'ਸੂਰਾ' ਦੇ ਲੇਖਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੇਖ ਛੋਟਾ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ ਅਤੇ ਗੁਰਬਾਣੀ ਦੀਆਂ ਤੁਕਾਂ ਦੀ ਸੁਧਾਈ ਕਰਕੇ ਭੇਜਿਆ ਜਾਵੇ।—ਮੈਨੇਜਰ



www.AKJ.Org

# ਖਾਲਸ ਬੇ-ਕੀਨਾ ਗੁਰੂ ਗੋਬਿੰਦ ਸਿਘ

(ਮਾਸਟਰ ਨਿਹਾਲ ਸਿੰਘ ਜੀ, ਇਨਚਾਰਜ ਲੋਕਲ ਕਮੇਟੀ ਚੀਫ਼ ਖਾਲਸਾ ਦੀਵਾਨ, ਬੰਬਈ)

ਹਕੀਕਤ ਤੋਂ ਅਜਾਣ ਲੋਕ ਕਦੀ ਕਹਿ ਦੇਂਦੇ ਹਨ ਕਿ ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ ਨੂੰ ਭਗਤੀ ਵਲ ਲਾਇਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸਿਰਲਥ ਸ਼ਸਤਰ ਧਾਰੀ ਜੋਧਾ ਬਣਾ ਖਲਾਰਿਆ ਇਸ ਤੇ ਉਨ੍ਹਾਂ ਦੀ ਸ਼ਰਧਾ ਲਰਜ਼ਸ਼ ਖਾ ਜਾਂਦੀ ਜਾਪਦੀ ਹੈ।

ਹਕੀਕਤ ਦੀ ਜਾਨਕਾਰੀ ਲਈ ਟਿਕੇ ਦੀ ਵਾਰ ਵਿਚੋਂ ਇਕੋ ਤੁਕ ਸ਼ੰਕੇ ਨੂੰ ਦੂਰ ਕਰ ਦੇਂਦੀ ਹੈ 'ਜੋਤ ਉਹਾ ਜੁਗਤੁ ਉਹੀ ਸਾ ਕਾਇਆ ਫੇਰ ਪਲਟੀਏ।' ਧੰਨ ਗੁਰੂ ਨਾਨਕ ! ਨੇ ਅਪਣੇ ਗੁਰੂ 'ਸਰਬ ਕਲਾ ਸਮਰਥ ਅਕਾਲ ਪੁਰਖ' ਦੀ ਦਰਗਾਹ 'ਚ ਬਖਸ਼ਸ਼ ਦੀ ਦਾਤ ਪਾਈ। ਉਸ ਦਾਤ ਨੂੰ ਸਰਬਤ ਦੇ ਭਲੇ ਵਰਤਾਉਣ ਖਾਤਰ ਚਾਰ ਉਦਾਸੀਆਂ ਦੀ ਸ਼ਕਲ ਵਿਚ ਪ੍ਰਿਥਵੀ ਦਾ ਚਕਰ ਕਟਿਆ। ਜਲੰਦੇ ਜਗਤ ਵਿਚ 'ਨਾਮ' ਦੁਆਰਾ ਠੰਡ ਪਾਈ ਮੰਦ ਕਰਮਾਂ ਤੋਂ ਵਰਜਿਆ। ਸੁਧਾਰ ਦੀ ਵਿਉਂਤ ਸੀ ਸਿਧੀ ਸਾਦੀ। ਕੋਈ ਲੰਬਾ ਲੈਕਚਰ ਨਹੀਂ ਦਿਤਾ। ਆਪਣੇ ਸੁਚੇ ਮਾਇਆ ਰਹਿਤ ਜੀਵਨ ਦਾ ਨਮੂਨਾ ਪੇਸ਼ ਕਰ ਸਾਧਾਰਨ ਬਚਨਾਂ ਦੁਆਰਾ ਚਾਨਣ ਦੇ ਕੇ ਵਕਤ ਦੇ ਹਾਕਮਾਂ, ਬਾਹਮਣਾ, ਕਾਜ਼ੀਆਂ ਆਦਿ ਨੂੰ ਆਪਣੇ ੨ ਦਾਇਰਿਆਂ ਵਿਚ ਜ਼ੁਲਮ ਕਰਨ ਤੋਂ ਵਰਜਿਆ। ਦ੍ਰਿੜ ਕਰਾਇਆ ਕਿ ਹਿੰਦੂ, ਮੁਸਲਮ, ਮਰਦ, ਇਸਤ੍ਰੀ ਬ੍ਰਾਹਮਣ, ਖਤਰੀ ਅਖੋਤੀ ਸ਼ੂਦਰ ਸਭ ਮਾਲਕ ਦੀ ਨਿਗਾਹ ਵਿਚ ਬਰਾਬਰ ਹਨ। ਹਰ ਕੋਈ ਮਾਲਕ ਦੇ ਪਿਆਰ ਸਦਕਾ ਉਸਦੇ ਮਿਲਾਪ ਦਾ ਪਾਤਰ ਹੈ ਤੇ ਉਸ ਦਾ ਪਿਆਰ ਹੈ ਉਸਦੀ ਖਲਕਤ 'ਖਾਲਕ ਖਲਕ ਖਲਕ ਮੈ ਖਾਲਕ' ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਢੰਡੋਰਾ ਦਿਤਾ। ਹਾਂ ਪਰ ਕਿਹਾ ਕਿ ਊਚ ਨੀਚ ਬਣਾਂਦੇ ਹਨ। ਬੰਦੇ ਨੂੰ ਬੰਦੇ ਦੇ ਕਰਮ। ਸ੍ਰਿਸ਼ਟੀ ਦਾ ਮਾਲਕ,ਅਰਸ਼ਾਂ ਕੁਰਸ਼ਾ ਦਾ ਸਾਈਂ ਇਕੋ ਹੈ ਤੇ ਪੂਜਾ ਉਸੇ ਦੀ ਯੋਗ ਹੈ ਤੇ ਸੇਵਾ ਰਾਹੀਂ ਉਸਦਾ ਪਿਆਰ ਸਚੀ ਭਗਤੀ ਦਾ ਲਖਾਇਕ ਹੈ।

ਗੁਰੂ ਨਾਨਕ ਸੀ 'ਪੂਰਾ' ਸੰਸਾਰ ਸੀ 'ਊਰਾ'। ਸਿਖਿਆ ਦੇ ਸੇਵਾ ਨਾ, ਆਪਣੇ ਸੁਚੇ ਜੀਵਨ ਦੇ ਨਮੂਨੇ ਤੇ ਚਲਾ, ਸੰਸਾਰੀ ਲੇਹਿਣੇ ਜੀ' ਨੂੰ 'ਮਾਰ ਕਢੀਆਂ ਬੁਰਿਆਈਆਂ' ਮਗਰੋਂ 'ਪੂਰਾ' ਬਣਾ ਲਿਆ। ਆਪਣੇ ਬਰਾਬਰ, ਨਹੀਂ ਆਪਣੇ ਤੋਂ ਉਚਾ ਕਰ ਮਥਾ ਟੇਕ ਦਿਤਾ। ਇਹ ਸੀ ਅਨੋਖੀ ਖੇਡ 'ਪੈਰਾਂ ਉਪਰ ਸੀਸ ਨਿਵਾਇਆ' ਦੀ। ਭਾਈ



www.AKJ.Org

ਲੈਹਿਣਾ ਜੀ ਸਨ ਗੁਰੂ ਨਾਨਕ ਦੇ 'ਚਰਨਾਂ' ਵਤ ਤੇ ਗੁਰੂ ਨਾਨਕ ਸੀ 'ਸੀਸ' ਵਾਹ,ਵਾਹ ਸੀਸ ਨਿਵ ਗਿਆ ਚਰਨਾ ਤੇ ਜਦੋਂ ਵਿਕਾਸ ਮਗਰੋਂ 'ਊਰਾ' ਪੂਰਾ ਹੋ ਨਿਬੜਿਆ।

ਇੰਵੇ ਹੀ ਸੁਚੇ ਜੀਵਨ ਦਾ ਨਮੂਨਾ ਦੇ. ਹਾਰਦਕ ਪਿਆਰ, ਸੇਵਾ ਦੀ ਜੁਗਤ ਦਾ ਰਸਤਾ ਦਸ, ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ 'ਅਮਰਦਾਸ' ਜੀ ਨੂੰ ਨਿਵਾਜ 'ਸ੍ਰੀ ਗੁਰੂ ਅਮਰਦਾਸ' ਥਾਪਿਆ। ਅਪਣੀ ਵਾਰੀ ਸੇਵਾ' 'ਸਚੀ ਭਗਤੀ' ਦ੍ਰਿੜਾ ਕੇ ਆਪ ਜੀ ਨੇ ਆਪਣੀ ਜੋਤ ਨੂੰ 'ਗੁਰੂ ਰਾਮਦਾਸ' ਵਿਚ ਟਿਕਾ ਦਿਤਾ। ਜਿਸ ਮਗਰੋਂ ਉਹੀ ਗੁਰੂ ਨਾਨਕ ਦੀ ਜੋਤ 'ਗੁਰ ਅਰਜਨ' ਵਿਚ ਆ ਟਿੱਕੀ ਜੋਤ ਦਾ ਟਿਕਾ ਸੇਵਾ ਰੂਪੀ 'ਸਚੀ ਭਗਤੀ' ਰਾਹੀਂ ਹੁੰਦਾ ਰਿਹਾ।

ਫਿਰ ਸਮਾਂ ਆਇਆ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਜਹਾਂਗੀਰ ਬਾਦਸ਼ਾਹ ਦਾ ਕੌਣ ਨਹੀਂ ਜਾਣਦਾ ਉਸਦੇ ਸਮੇਂ ਕਿਤਨੇ ਅਧਰਜ਼ ਹੋਏ। ਉਹ ਗੁਰੂ ਜੀ ਦੀ 'ਏਕ ਨੂਰ ਤੇ ਸਭ ਜਗ ਉਪਜਿਆ' ਦੇ ਚਾਨਣੇ ਹਿੰਦੂ ਮੁਸਲਮ ਮਿਲਾਪ ਤੇ ਪਿਆਰ ਦੀ ਵਿਉਂਤ ਨੂੰ ਟੇਢੀ ਨਜ਼ਰ ਨਾਲ ਤਕਦਾ ਸੀ। ਇਸ ਪ੍ਰਚਾਰ ਦੀ ਰੋਕਥਾਮ ਲਈ ਉਸ ਨੇ ਕੀ ਕੁਝ ਨ ਕਰਵਾਇਆ। ਸ਼ਹੀਦਾਂ ਦੇ ਸਰਤਾਜ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਦੁਤੀ ਕੁਰਬਾਨੀ (ਤਤੀਆਂ ਰੇਤਾਂ ਸੀਸ ਤੇ ਪਵਾਈਆਂ, ਉਬਲੀ ਦੇਗ ਵਿਚ ਬੈਠੇ) ਦਿਤੀ। ਇਸ ਤੇ ਗੁਰੂ ਹਰ ਗੋਬਿੰਦ ਸਾਹਿਬ 'ਗੁਰੂ ਨਾਨਕ' ਦੀ ਪਲਟੀ ਹੋਈ ਛੇਵੀਂ ਕਾਇਆ ਨੇ 'ਭਗਤੀ' ਨਾਲ ਸ਼ਕਤੀ ਜੋੜਨ ਦੀ ਲੋੜ ਪਰਤੀਤ ਕੀਤੀ।

ਸਮਾਂ ਪਾਕੇ ਇਹਾ ਜੋਤ ਭਗਤੀ ਦੀ ਜੁਗਤ ਰਾਹੀਂ ਨੌਵੇਂ ਜਾਮੇਂ ਪੁਜੀ। ਗੁਰੂ ਤੇਗ ਬਹਾਦਰ ਜੀ ਅਨਿਨ ਭਗਤੀ ਦੇ ਅਦੁਤੀ ਨਮੂਨੇ ਪ੍ਰਗਟ ਹੋਇ। ਇਸ ਹਿੰਦ ਦੀ ਚਾਦਰ ਨੇ ਹਿੰਦੂ ਜਾਤੀ ਤੇ ਹੁੰਦੇ ਜ਼ੁਲਮਾਂ ਨੂੰ ਰੋਕਣ ਖਾਤਰ ਤੇ ਜੰਞੂ ਟਿਕੇ ਦੀ ਰਖਿਆ ਲਈ ਕੁਰਬਾਨੀ ਦਿਤੀ ਤੇ 'ਸੀ' ਨ ਕੀਤੀ! ਵਕਤ ਦੀ ਹਕੂਮਤ ਦੇ ਡਰ ਤੋਂ ਸਾਹਿਬਾਂ ਦਾ ਸ਼ਹੀਦ ਹੋਇਆ ਸੀਸ ਚੁਕਣ ਤੋਂ ਹਰ ਕੋਈ ਘਬਰਾਂਦਾ ਸੀ।

ਬਸ ਇਸ ਅਦੁਤੀ ਕੁਰਬਾਨੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਨਾਲ ਸ਼ਕਤੀ ਦੇ ਸਦੀਵੀ ਜੋੜ ਦੇ ਫੈਸਲੇ ਤੇ ਮੋਹਰ ਲਾ ਦਿਤੀ। ਪਰਮਾਤਮਾਂ ਦੀ ਮੌਜ, ਖਾਲਸਾ ਪਰਗਟ ਕੀਤਾ, ਅੰਮ੍ਰਿਤ ਛਕਾ, ਆਪ ਉਨਾਂ ਪਾਸੋਂ ਅੰਮ੍ਰਿਤ ਛਕ ਇਕ ਅਜੇਹੀ ਸ਼ਰੇਣੀ ਕਾਇਮ ਕੀਤੀ ਜੋ ਅਨਿਨ ਭਗਤੀ ਦੀ ਜੁਗਤ ਤੇ ਪਹਿਰਾ ਦੇਂਦੇ ਸ਼ਕਤੀ ਨਾਲ ਅਜੇਹੇ ਜੁੜੇ ਕਿ ਜ਼ੁਲਮ ਦੀਆਂ ਜੜ੍ਹਾਂ ਉਖੇੜ ਸੁਟੀਆਂ। ਗੁਰੂ ਗੋਬਿੰਦ ਸਿੰਘ ਉਸ ਗੁਰ ਨਾਨਕ ਜੋਤ ਦਾ ਦਸਵਾਂ ਜਾਮਾ ਸੀ ਜਿਸਨੇ ਗਰੀਬ ਅਨਾਥ ਦੀ ਰਖਸ਼ਾ ਲਈ ਸ਼ਕਤੀ ਨਾਲ ਭਗਤੀ ਜੋੜਿਆ ਤੇ ਆਪ ਕਿਸੇ ਸਮੇਂ 'ਭਗਤੀ' ਤੋਂ ਨਹੀਂ ਵਿਛੜੇ ਅਨਿਨ ਭਗਤੀ ਦਾ ਨਮੂਨਾ ਵੇਖਣਾ ਹੋਵੇ ਤਾਂ ਸਾਹਿਬਾਂ ਦੇ ਦਰਸ਼ਨ ਕਰੋ ਜਦੋਂ ਅਨੰਦਪੁਰ ਛੋੜਕੇ ਆਪ ਜਾ ਰਹੇ ਸਨ। ਦੁਸ਼ਮਨ ਪਿਛਾ ਕਰ ਰਿਹਾ ਸੀ। ਸਰਸਾ ਨਦੀ ਦੇ ਨੇੜੇ ਤ੍ਰੈ ਪਹਿਰਾ ਹੋ ਗਿਆ। ਸਚੀ ਭਗਤੀ, ਨਾਮ ਦੀ ਖੁਮਾਰੀ ਵਿਚ ਹੁਕਮ ਦਿਤਾ 'ਠਹਿਰ ਜਾਓ! ਜੁੜ ਜਾਓ ਕੀਰਤਨ ਵਿਚ। ਪਕੜੇ ਜਾਣ ਦੇ ਭੈ ਦੀ ਤੁਰਸ਼ੀ ਨਾਮ ਦੀ ਖੁਮਾਰੀ ਨੂੰ ਭੰਗ ਨ ਕਰ ਸਕੀ। ਹਾਂ ਜੀ! 'ਯੇਹ ਵੋਹ ਨਸ਼ੇ ਨਹੀਂ ਜਿਨ੍ਹੇ ਤੁਰਸ਼ੀ ਉਤਾਰ ਦੇ।†



www.AKJ.Org

ਸੋਨੇ ਦੇ ਕੜੇ ਪ੍ਰਥਾਇ ਵਿਚਾਰ—

# ਸਹੁਰੇ ਦਾ ਸਿਖ

(ਭਾਈ ਮਾਲਿਕ ਸਿੰਘ ਜੀ ਬੀ.ਐਸ-ਸੀ., ਕਾਨਪੁਰ)

ਰਹਿਤ ਪਿਆਰੀ ਮੁਝ ਕਉ ਸਿੱਖ ਪਿਆਰਾ ਨਾਹਿ ॥
ਰਹਿਣੀ ਰਹੈ ਸੋਈ ਸਿੱਖ ਮੇਰਾ ॥

ਦੁਸ਼ਟ ਦਮਨ, ਕਲਗੇਸ਼, ਖੜਗੇਸ਼, ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛੱਕਾ ਕੇ ਖਾਲਸੇ ਦੀ ਸਾਜਨਾ ਕੀਤੀ, ਸਿੱਖ ਤੋਂ ਸਿੰਘ ਬਨਾਇਆ। ਅੰਮ੍ਰਿਤ ਦੀ ਗੁੜਤੀ ਦੇ ਕੇ ਸੰਤ ਸਿਪਾਹੀ ਬਨਾਇਆ। ਭਗਤੀ ਤੇ ਸ਼ਕਤੀ ਦੀ ਪੂਰਨ ਸੰਭਾਲਤਾ ਲਈ ਚਾਰ ਬਜਰ ਕੁਰਿਤਾਂ ਤੋਂ ਵਰਜਿਆ ਅਤੇ ਪੰਜ ਕਕਾਰਾਂ ਦਾ ਧਾਰਨੀ ਹੋਣਾ ਗੁਰਸਿਖੀ ਰਹਿਤ ਮਰਯਾਦਾ ਦਾ ਪਹਿਲਾ ਪਰਮ ਜ਼ਰੂਰੀ ਅੰਗ ਬਣਾ ਦਿਤਾ। ਪਰ ਅਫ਼ਸੋਸ ਇਸ ਗਲ ਦਾ ਹੈ ਜਿਥੇ ਇਤਨੇ ਕਰੜੇ ਹੁਕਮਨ ਸਿਰ ਹੁਕਮ ਦੀ ਪਾਲਨਾ ਕਰਕੇ ਇਸ ਸਿੰਘ ਨੇ ਦੁਨੀਆਂ ਦੇ ਸਾਮਣੇ ਇਕ ਮਿਸਾਲ ਕਾਇਮ ਕਰਣੀ ਸੀ ਓਥੇ ਇਹ ਖੁਦ ਪਤਾਲ ਵਿਚ ਡਿਗਦਾ ਜਾ ਰਿਹਾ ਹੈ। ਅਸਲੀ ਅੰਮ੍ਰਿਤ ਮਰਇਆਦਾ ਅਲੋਪ ਹੋਂਦੀ ਜਾ ਰਹੀ ਹੈ ਜਿਸ ਕਾਰਣ ਕਰਕੇ ਅਗਰ ਟਾਵੇਂ ਟਾਵੇਂ ਪੂਰਨ ਗੁਰ ਸਿੱਖੀ ਮਰਯਾਦਾ ਦਾ ਪਾਲਣ ਕਰਣ ਵਾਲੀਆਂ, ਖਾਲਸ ਮਈ ਸ਼ਾਨ ਵਿਚ, ਸ਼ਸਤ੍ਰ ਬਸਤ੍ਰ ਸਜਾਏ ਰੰਗ ਰਤੜੀਆਂ, ਨਾਮ ਖੁਮਾਰੀ ਵਿਚ ਮਸਤ ਅਲਮਸਤ ਆਤਮਾਵਾਂ ਦੇ ਦਰਸ਼ਨ ਹੁੰਦੇ ਵੀ ਹਨ। ਤਾਂ ਅੰਞਾਨ ਲੋਕੀ ਫੈਸ਼ਨ ਪ੍ਰਸਤ ਨੌਜਵਾਨ ਤਬਕੇ ਦੇ ਲੜਕੇ

---

† ਹੋਇਆ ਕੀਰਤਨ ਇਕ ਰਸ ਤੇ ਜੁੜੇ ਸਾਈਂ ਦੇ ਪਿਆਰ ਵਿਚ! ਨਿਰਸੰਦੇਹ 'ਗੁਰੂ ਗੋਬਿੰਦ ਸਿੰਘ' ਸੀ ਖਾਲਸੇ ਬੇ ਕੀਨਾ ਤੇ ਹੱਕ ਹਕ ਆਈਨਾ' 'ਗੁਰੂ ਨਾਨਕ' ਦਾ ਵਟਿਆ ਹੋਇਆ ਮੁਕੰਮਲ ਦਸਵਾਂ ਰੂਪ। ਜਿਸਨੇ ਪੰਥ ਦੇ ਅਸੂਲਾਂ ਦੇ ਮੁਕੰਮਲ ਹੋ ਜਾਣ ਤੇ ਮੋਹਰ ਲਾ ਗੁਰੂ ਗ੍ਰੰਥ ਸਾਹਿਬ ਨੂੰ 'ਗਿਆਨ ਗੁਰੂ' ਤੇ 'ਖ਼ਾਲਸਾ' 'ਮੇਰਾ ਰੂਪ ਹੈ ਖਾਸ' ਦਾ ਗੁਰੂ ਥਾਪ ਜੁਗੋ ਜੁਗ ਅਟਲ ਕਰ ਦਿਤਾ। ਆਉ ਭਗਤੀ ਨਾਲ ਸ਼ਕਤੀ ਦੇ ਪਾਵਨ ਜੋੜ

'ਚੂੰਕਾਰ ਅਜ ਹਮਾਂ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰੇ ਦਸਤ।

ਨੂੰ ਛਿਕ ਪੱਲੇ ਬਨ੍ਹੀਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ 'ਤਲਵਾਰ' ਤੇ 'ਮਾਲਾ' ਦਾ ਜੋੜ ਸਾਨੂੰ ਕਦੀ ਕੋਈ ਭੁਲੇਖਾ ਨ ਪਾ ਸਕੇ। ਕੀ ਸ੍ਰੀ ਰਾਮ ਚੰਦ ਜੀ ਤੇ ੧੬ ਕਲਾ ਸੰਮਪੂਰਨ ਮੰਨੇ ਜਾਂਦੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ, ਸਾਂਈਂ ਦੇ ਅਨਿਨ ਭਗਤਾਂ ਨੇ ਇਹੋ ਅਸੂਲ ਧਾਰਨ ਕੀਤਾ? ਤਾਂ ਤੇ ਸੰਤ ਸਿਪਾਹੀ ਸਾਜਨਾ ਦੇ ਸਥਾਧਕ! ਤੈਨੂੰ ਪ੍ਰਨਾਮ!!



www.AKJ.Org

ਲੜਕੀਆਂ ਉਸ ਪੂਰਨ ਗੁਰ ਸਿੱਖ ਨੂੰ ਦੇਖਕੇ ਅਸਚਰਜਤਾ ਵਿਚ ਆ ਜਾਂਦੇ ਹਨ। ਉਹਨਾਂ ਦੇ ਭਾਣੇ ਇਹ ਕੋਈ ਨਵੀਂ ਇਨਸਾਨੀ ਘਾੜਤ ਹੀ ਹੈ ਐਸੇ ਸਮਝਨ ਵਾਲੇ ਕੁਝ ਹਦ ਤਕ ਆਪਣੇ ਖਿਆਲਾਂ ਮੁਤਾਬਕ ਸਚੇ ਵੀ ਹਨ ਕਿਉਂਕਿ ਅਸਲੀਅਤ ਉਨ੍ਹਾਂ ਦੇ ਸਾਹਮਣੇ ਬਹੁਤ ਘਟ ਰਖੀ ਜਾ ਰਹੀ ਹੈ ਇਸ ਲਈ ਜ਼ਿਆਦਾ ਲੋਕੀ ਅਸਲੀ ਮਰਯਾਦਾ ਤੋਂ ਮੁਨਕਰ ਹੋਂਦੇ ਜਾ ਰਹੇ ਹਨ। ਐਸੇ ਪੁਰਸ਼ਾਂ ਨੂੰ ਅਸਲੀਅਤ ਓਪਰੀ ਓਪਰੀ ਲਗਦੀ ਹੈ, ਅਸਲੀਅਤ ਸੁਖਾਂਦੀ ਹੀ ਨਹੀਂ ਸੰਝਮ ਵਿਚ ਰਹਿਣਾ ਬੰਧਨ ਸਮਝਿਆ ਜਾ ਰਿਹਾ ਹੈ।

ਅਸਲੀਅਤ ਸੁਖਾ ਵੀ ਕਿਸ ਤਰਾਂ ਸਕਦੀ ਹੈ ਜਿਸ ਨੌਜਵਾਨ ਨੂੰ ਬਚਪਨ ਤੋਂ ਹੀ ਸਪ੍ਰੇਟਾ ਦੁਧ ਪੀਣ ਨੂੰ ਮਿਲਿਆ ਹੋਵੇ ਉਸ ਨੂੰ ਖਾਲਸ ਦੁਧ ਦੀ ਪਹਿਚਾਨ ਕੀ ਹੋ ਸਕਦੀ ਹੈ ? ਅਗਰ ਕਿਧਰੇ ਭੁਲ ਭੁਲੇਖੇ ਖਾਲਸ ਦੁਧ ਪਿਲਾ ਵੀ ਦਿਤਾ ਜਾਏ ਤਾਂ ਉਸ ਨੇ ਇਹ ਹੀ ਕਹਿਣਾ ਹੈ ਕਿ ਇਹ ਦੁਧ ਨਕਲੀ ਹੈ ਤੇ ਹਜ਼ਮ ਨਹੀਂ ਹੋ ਸਕਿਆ। ਇਸੇ ਤਰੀਕੇ ਨਾਲ ਜਿਸ ਮੁੰਡੇ ਨੇ ਬਚਪਨ ਤੋਂ ਡਾਲਡਾ ਖਾਣਾ ਹੈ ਦੇਸੀ ਘਿਉ ਦੀ ਕੀ ਸਾਰ ਜਾਨ ਸਕਦਾ ਹੈ ? ਜਿਸ ਨੇ ਆਪਣੇ ਮਨ ਨੂੰ ਖੁਲਾ ਛਡਿਆ ਹੋਇਆ ਹੈ, ਭਖ ਅਭਖ ਸਭ ਛਕੀ ਜਾ ਰਿਹਾ ਹੈ ਸੰਸਾਰਕ ਪਦਾਰਥਾਂ ਦੇ ਭੋਗਾਂ ਨੂੰ ਹੀ ਮੁਖ ਮਕਸਦ ਸਮਝਿਆ ਹੋਇਆ ਹੈ ਉਹ ਕੀ ਜਾਣ ਸਕਦਾ ਹੈ ਦਸਮੇਸ਼ ਪਿਤਾ ਦੇ ਅੰਮ੍ਰਿਤ ਦੀ ਕਲਾ ਨੂੰ। ਉਹ ਕਿਸਤਰਾਂ ਪਿਆਰ ਕਰ ਸਕਦਾ ਹੈ ਪੰਜ ਕਰਾਰੀ ਰਹਿਤ ਨਾਲ। ਉਹ ਕੀ ਜਾਣ ਸਕਦਾ ਹੈ ਮਨੁਖਾ ਜਨਮ ਦੇ ਅਸਲੀ ਮਨੋਰਥ ਨੂੰ। ਇਹ ਕੀ ਕਾਰਣ ਹੈ ਕਿ ਐਸੇ ਵਿਯਕਤੀ ਗੁਰਮਤਿ ਰਹਿਣੀ ਦੇ ਉਲਟ ਹੋਂਦੇ ਜਾ ਰਹੇ ਹਨ।

ਆਉ ਜ਼ਰਾ ਪੰਜ ਕਰਾਰੀ ਰਹਿਤ ਮਰਯਾਦਾ ਵਿਚੋਂ ਕੜੇ ਤੇ ਥੋੜੀ ਜਹੀ ਵਿਚਾਰ ਕਰੀਏ। ਇਸ ਕੜੇ ਨੂੰ ਅਜ ਕਲ ਦਾ ਨੌਜਵਾਨ ਫੈਸ਼ਨ ਪ੍ਰਸਤੀ ਵਿਚ ਆਕੇ ਕਿਸ ਤਰੀਕੇ ਨਾਲ 'ਸਹੁਰੇ ਦਾ ਸਿਖ' ਅਖਵਾਨ ਦਾ ਹਕਦਾਰ ਬਣੀ ਜਾ ਰਿਹਾ ਹੈ।

ਸਰਬੰਸ ਦਾਨੀ, ਮਰਦ ਅਗੰਮੜੇ, ਬਾਦਸ਼ਾਹ ਦਰਵੇਸ਼ ਦਸਮੇਸ਼ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸੰਤ ਸਿਪਾਹੀ ਖਾਲਸੇ ਨੂੰ ਸਰਬ ਲੋਹ ਦਾ 'ਕੜਾ' ਪਹਿਨਾ ਮਾਨੋਂ ਉਸ ਦੇ ਮਨ ਨੂੰ ਬੁਰਾਈਆਂ ਕਰਣ ਤੋਂ ਕੜ ਲਿਆ। ਬੁਰੇ ਕਰਮ ਤੋਂ ਵਰਜਨ ਲਈ ਜਿਥੇ ਹਥ ਨੂੰ ਕੜਾ ਪਾਕੇ ਕੜ ਦਿਤਾ ਉਥੇ ਮਨ ਨੂੰ ਬੁਰੇ, ਮੰਦ, ਹੋਛੇ ਖਿਆਲਾਤਾਂ ਨੂੰ ਫ਼ੁਰਨ ਤੋਂ ਹੀ ਕੜ ਦਿਤਾ। ਰੋਕ ਪਾ ਦਿਤੀ ਕਿਤਨਾ ਉਚਾ ਆਦਰਸ਼ ਹੈ ਇਸ ਸਰਬ ਲੋਹ ਦੇ ਕੜੇ ਪਿਛੇ। ਪਰ ਵਾਹ ਅਜ ਕਲ ਭੇਖੀ ਸਿਖਾਂ ਨੂੰ ਇਸ ਵਿਚ ਵੀ ਅਦਲਾ ਬਦਲੀ ਹੇਰਾ ਫ਼ੇਰੀ ਕਰਨੋਂ ਨ ਟਲਿਆ, ਅਤੇ ਸਰਬ ਲੋਹ ਕੜੇ ਦਾ ਤਿਸਕਾਰ ਕਰਕੇ ਉਸ ਦੀ ਥਾਵੇਂ 'ਸੋਨੇ ਦੇ ਕੜੇ ਨੂੰ ਧਾਰਨ ਕਰਕੇ ਆਪਣੀ ਸ਼ਾਨ ਉਚੀ ਸਮਝੀ ਬੈਠਾ ਹੈ,। ਅਜ ਕਲ ਦੇ ਮਾਇਆ ਵਿਚ ਗਲਤਾਨ ਹੋਏ ਫੈਸ਼ਨ ਪ੍ਰਸਤੀ ਦੇ ਮਾਰੇ ਸੋਨੇ ਦਾ ਕੜਾ ਪਹਿਣਨਾ ਜ਼ਿਆਦਾ ਵਡਿਆਈ, ਮਾਨ, ਇਜ਼ਤ ਸਮਝਨ ਲਗ ਪਿਆ ਹੈ।

ਇਸ ਸੋਨੇ ਦੇ ਕੜੇ ਨੂੰ ਅਪਨਾਨ ਦੀ ਅਗਰ ਜੜ੍ਹ ਨੂੰ ਦੇਖਿਆ ਜਾਏ ਤਾਂ ਇਸ ਵਿਚ ਜ਼ਿਆਦਾ (Father's in low) ਸਹੁਰਾ ਸਾਹਿਬ


www.AKJ.Org

ਹੋਰਾਂ ਦਾ ਹੈ। ਇਸ ਦਾ ਸਬੂਤ ਲੈਣ ਲਈ ਕਿਸੇ ਨੌਜਵਾਨ ਕੋਲੋਂ ਪੁਛ ਕੇ ਦੇਖੋ ਕਿ ਮਿਤ੍ਰ ਇਹ ਸੋਨੇ ਦਾ ਕੜਾ ਤੈਨੂੰ ਕਿਥੋਂ ਮਿਲਿਆ ਹੈ ਅਤੇ ਤੂੰ ਇਹ ਕਿਉਂ ਪਾਇਆ ਹੈ। ਸੋਨੇ ਦੇ ਕੜੇ ਦੀ ਵਾਰਤਾ ਉਹ ਬੜੇ ਸ਼ੌਕ ਅਤੇ ਫਖਰ ਨਾਲ ਇੰਝ ਬਿਆਨ ਕਰੇਗਾ।

"ਇਹ ਸੋਨੇ ਦਾ ਕੜਾ ਮੇਰੇ ਸ਼ਗਨ ਦੇ ਸਮੇਂ ਯਾ ਸ਼ਾਦੀ ਦੇ ਸਮੇਂ ਮੇਰੇ ਸਹੁਰੇ ਨੇ ਪਾਇਆ ਸੀ। ਮੇਰੇ ਸਹੁਰਾ ਸਾਹਿਬ ਬੜੇ ਧੰਨਾਢ ਲਖਪਤੀ ਹਨ। ਮੇਰੇ ਸਹੁਰੇ ਦੀ ਦਿਤੀ ਹੋਈ ਮੇਰੇ ਪਾਸ ਇਹ ਹੀ ਤਾਂ ਇਕ ਨਿਸ਼ਾਨੀ ਹੈ।"

ਪਾਠਕ ਜਨ ਹੁਣ ਇਹ ਖੁਦ ਹੀ ਫੈਸਲਾ ਕਰ ਸਕਦੇ ਹਨ ਕਿ ਕੀ ਐਸੇ ਭੇਖੀ ਸਿਖ ਨੂੰ ਜਿਸ ਨੂੰ ਆਪਣੇ ਸੋਹੁਰਾ ਸਾਹਿਬ ਦੀ ਦਿਤੀ ਨਿਸ਼ਾਨੀ "ਸੋਨੇ ਦਾ ਕੜਾ ਤਾਂ ਯਾਦ ਹੈ ਪਹਿਨਣ ਦਾ ਫਖਰ ਹੈ ਪਰ ਗੁਰੂ ਦਾ ਬਖਸ਼ਿਆ ਸਰਬ ਲੋਹ ਦਾ ਕੜਾ ਪਾਨ ਲਗਿਆਂ ਝਿਜਕ ਆਉਂਦੀ ਹੈ, ਭਾਰ ਲਗਦਾ ਹੈ, ਇਕ ਫਜ਼ੂਲ ਗਲ ਭਾਸਦੀ ਹੈ ਕੀ ਉਸ ਨੂੰ "ਸਹੁਰੇ ਦਾ ਸਿਖ" ਦਾ ਖਿਤਾਬ ਨਹੀਂ ਦਿਤਾ ਜਾਏਗਾ।

ਐਸੇ ਭੇਖੀਆਂ ਨੂੰ ਸਰਬ ਲੋਹ ਦੇ ਕੜੇ ਦੀ ਮਹਾਨਤਾ ਦੀ ਕੀ ਸਾਰ। ਉਨ੍ਹਾਂ ਤਾਂ ਆਪਣੀ ਵਡਿਆਈ ਨੂੰ ਪ੍ਰਗਟਾਉਣ ਖਾਤਰ ਕਿ ਮੈਂ ਕਿਤਨਾ ਧੰਨਾਢ ਹਾਂ ਮੇਰਾ ਸਹੁਰਾ ਪ੍ਰਵਾਰ ਕਿਤਨਾ ਮਾਇਆ ਧਾਰੀ ਹੈ। ਬਸ ਇਸ ਦੁਨੀਆਂ ਦੀ ਵਡਿਆ ਦੇ ਪਿਛੇ ਲਗ ਗੁਰੂ ਦੀ ਪੰਜ ਕਕਾਰੀ ਰਹਿਤ ਨੂੰ ਤਿਲਾਂਜਲੀ ਦੇ ਰਿਹਾ ਹੈ। ਨਹੀਂ ਭਾਈ ਐਸਾ ਕੰਮ ਗੁਰਮਤਿ ਤੋਂ ਉਲਟ ਹੈ ਤੇ ਸਾਨੂੰ ਗੁਰੂ ਕੇ ਸਚਿਆਰ ਸਿਖ ਬਨਣਾ ਹੀ ਸ਼ੋਭਦਾ ਹੈ। ਤਾਂ ਤੇ ਅਸਾਂ ਸਹੁਰੇ ਦੇ ਸਿਖ ਨਹੀ ਬਣਨਾ ਉਹਨਾਂ ਦੀ ਰੀਸ ਨਹੀਂ ਕਰਣੀ ਅਸੀਂ ਗੁਰਮੁਖ ਸਚਿਆਰ ਤੇ ਸਪੁਤਰ ਬਣਨਾ ਹੈ ਉਸ ਕਲਗੇਸ਼ ਪਿਤਾ ਜੀ ਮਹਾਰਾਜ ਦੇ ਜਿਹਨਾਂ ਨੇ ਸਾਨੂੰ ਇਤਨੀ ਵਡਿਆਈ ਬਖਸ਼ੀ ਤੇ ਕਿਹਾ ਹੈ।

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹੌਂ ਕਰੋ ਨਿਵਾਸ ॥
ਖਾਲਸਾ ਮੇਰੋ ਪਿੰਡ ਪਰਾਨ ॥
ਖਾਲਸਾ ਮੇਰੀ ਜਾਨ ਕੀ ਜਾਨ ॥
ਹੌਂ ਖਾਲਸੇ ਕੋ ਖਾਲਸਾ ਮੇਰੋ ॥
ਓਤ ਪੋਤ ਸਾਗਰ ਬੂੰਦੇਰੋ ॥

ਤਾਂ ਤੇ ਸਾਡਾ ਇਹ ਫਰਜ਼ ਬਣ ਜਾਂਦਾ ਹੈ ਕਿ ਅਸੀਂ ਅੰਮ੍ਰਿਤ ਪਾਨ ਕਰਕੇ ਸਿੱਖੀ ਵਿਚ ਪਕੇ ਹੋਈਏ, ਰਹਿਤਾਂ ਨਾਲ ਪਿਆਰ ਕਰੀਏ, ਗੁਰਮਤਿ ਗ੍ਰਹਿਣ ਕਰੀਏ, ਮਨਮਤ ਦਾ ਤਿਆਗ ਕਰੀਏ, ਸੰਜਮੀ ਜੀਵਨ ਬਤਾਈਏ।

---

## † ਜ਼ਰੂਰੀ ਬੇਨਤੀ †

ਸਤਿਕਾਰਯੋਗ ਗੁਰ ਸੰਗਤ ਜੀਓ,

ਨਿੰਮ੍ਰਤਾ ਸਹਿਤ ਦੋਨੋਂ ਹਥ ਜੋੜ ਜੋਦੜੀ ਕੀਤੀ ਜਾਂਦੀ ਹੈ ਕਿ ਦਾਸ ਦੇ ਗ੍ਰਹਿ ਵਿਖੇ ਮਿਤੀ 13-1-1968 ਸ਼ਨੀਚਰਵਾਰ ਰਾਤ ਨੂੰ ਨਿਰਬਾਣ ਕੀਰਤਨੀ ਜਥਾ, ਪਟਿਆਲਾ ਰੈਣ ਸਬਾਈ ਕੀਰਤਨ ਹੋਣਗੇ ਆਪ ਜੀ ਸਣੇ ਪਰਵਾਰ ਪੁਜ ਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ।

ਮਨੋਹਰ ਸਿੰਘ, 145/2, ਮਹੱਲਾ ਲਾਲ ਬਾਗ਼,
ਬੀ-ਟੈਂਕ ਰੋਡ, ਪਟਿਆਲਾ।



www.AKJ.Org

# ਵਾਹੁ ਵਾਹੁ ਤੇ ਕੀਰਤਨ

( ਭਾਈ ਸਤਿਨਾਮ ਸਿੰਘ ਜੀ ਲੁਧਿਆਣਾ )

ਕੁਝ ਕੁ ਗੁਰਮਤ ਪਿਆਰਿਆਂ ਵਲੋਂ ਵਿਚਾਰ ਆਈ ਸੀ ਜੋ ਕਿ ਕੀਰਤਨ 'ਚ ਵਾਹੁ ਵਾਹੁ ਦਾ ਅਭਿਆਸ ਨਾ ਕੀਤਾ ਜਾਵੇ ਤੇ ਵਾਹੁ ਵਾਹੁ ਦਾ ਅਭਿਆਸ ਅੰਤਰਗਤੀ ਹੀ ਹੋਵੇ। ਉਹਨਾਂ ਦੇ ਵਿਚਾਰ ਮੁਤਾਬਿਕ ਇਹ ਨਾਮ ਪੰਜ ਪਿਆਰੇ ਹੀ ਦ੍ਰਿੜਾ ਸਕਦੇ ਨੇ ਤੇ ਇਵੇਂ ਕੀਰਤਨ ਤੇ ਅਭਿਆਸ ਕਰਨ ਨਾਲ ਇਕ ਤਰਾਂ ਨਾਲ ਕੀਰਤਨ ਕਰਨ ਹਾਰਾ ਨਾਮ ਦ੍ਰਿੜਾ ਰਿਹਾ ਹੁੰਦਾ ਏ, ਜਿਸਦਾ ਪੰਜ ਪਿਆਰਿਆਂ ਤੋਂ ਬਿਨਾਂ ਗੁਰਮਤ ਫਿਲਾਸਫੀ ਅਨੁਕੂਲ ਕਿਸੇ ਨੂੰ ਹਕ ਨਹੀਂ।

ਆਪਣੀ ਤੁਛ ਬੁਧੀ ਅਨੁਸਾਰ ਦਾਸ-ਕੁਛ ਇਸ ਬਾਬਤ ਟੀਕਾ ਟਿਪਣੀ ਕਰ ਰਿਹਾ ਏ ਅਰਥਾਤ ਗੁਰਮਤ-ਵਾਦ ਵਿਵਾਦ ਵਲ ਨਵਾਂ ਮੋੜ ਮੋੜ ਰਿਹਾ ਏ ਆਸ ਏ ਸੰਗਤਾਂ, ਦੇ ਸੁਝਾਅ ਇਹਨਾਂ ਵਿਚਾਰਾਂ ਤੇ ਜ਼ਰੂਰ ਫੁਲ ਚੜਾਨਗੇ।

ਕੀਰਤਨ ਵਾਹੁ ਵਾਹੁ ਦਾ ਰੂਪ ਏ, ਚੂੰਕਿ ਗੁਰਬਾਣੀ ਤੇ ਨਾਮ 'ਚ ਕੋਈ ਭਿੰਨ ਭੇਦ ਨਹੀਂ। ਗੁਰਬਾਣੀ ਦੀ ਇਕ ਇਕ ਸਤਰ ਵਿਚੋਂ ਵਾਹੁ ਵਾਹੁ ਦਾ ਅਭਿਆਸ ਪ੍ਰਗਟਦਾ ਏ। ਸਾਨੂੰ ਹਰ ਤੁਕਾਂਤ ਰਾਹੀਂ ਇਹੁ ਆਦਰਸ਼ ਮਿਲਦਾ ਏ ਜੁ ਅਸੀਂ ਖਿਨ ਖਿਨ ਨਾਮ ਜਪੀਏ ਅੰਮ੍ਰਿਤ-ਵੇਲਾ ਸੰਭਾਲੀਏ ਤੇ ਹੋਰਨਾਂ ਨੂੰ ਗੁਰਮਤ ਮਾਰਗ ਵਲ ਪਰੇਰੀਏ। 'ਵਾਹੁ-ਵਾਹੁ' ਦਾ ਨਿਰੋਲ ਪਰਚਾਰ ਨਿਰਮੋਲਕ ਹੀਰਾ ਨਿਰਬਾਣ ਕੀਰਤਨ ਏ।

ਜੇ ਕੀਰਤਨ ਵਾਹੁ-ਵਾਹੁ ਦੇ ਅਨੁਮਮ ਪਸਾਰੇ ਤੇ ਵਡਿਆਈ ਦਾ ਸਚਾ ਸੁਚਾ ਪ੍ਰਚਾਰ ਏ ਤਾਂ ਸੰਭਵ ਏ ਜੋ ਕੀਰਤਨ ਹੀਰਾ ਆਪਣੇ ਆਪ ਵਿਚ ਨਾਮ ਦੀ ਜੋਤ ਜਾਂ ਨਾਮ ਦੀ ਰੋਸ਼ਨੀ ਜ਼ਰੂਰ ਸਮੇਟੀ ਰਖਦਾ ਏ। ਤੇ ਜੇ ਅਸੀਂ ਗੁਰਬਾਣੀ ਘੋਖੀਏ ਤਾਂ ਸਾਨੂੰ ਇਉਂ ਜਾਪੇਗਾ ਜੁ ਗੁਰਬਾਣੀ ਦੀ ਹਰੇਕ ਲਾਈਨ ਸਾਨੂੰ ਕੇਵਲ ਇਹ ਨਹੀਂ ਦਸਦੀ ਜੁ ਨਾਮ ਜਪਣਾ ਚਾਹੀਦਾ ਏ, ਬਲਕਿ ਇਹ ਵੀ ਦਸਦੀ ਏ ਜੋ ਕਿਹੜਾ ਨਾਮ ਜਪਣਾ ਏ।

ਵੇ ਮੁਹਤਾਜਾ ਵੇ ਪਰਵਾਹੁ ॥
ਨਾਨਕ ਦਾਸ ਕਹਹੁ ਗੁਰ ਵਾਹੁ ॥'

ਨਾਮ-ਅਭਿਆਸੀ ਜਨ ਜਦ ਕੀਰਤਨ 'ਚ ਲੋਟ ਪੋਟ ਹੋ ਜਾਂਦਾ ਏ ਤਾਂ ਜਦ ਵੀ ਗੁਰਬਾਣੀ ਦੀ ਕਿਸੇ ਲਾਈਨ ਵਿਚ ਨਾਮ ਦੀ ਮਹਿਮਾ ਚ ਜਿਕਰ ਆਉਂਦਾ ਏ, ਤਾਂ ਉਸਦਾ ਅੰਤਰਗਤ ਤੇ ਬਾਰਮੁਖੀ ਖੇੜਾ ਉਸਨੂੰ ਮਜਬੂਰ ਕਰ ਦਿੰਦਾ ਏ ਜੇ ਉਹ ਅੰਮ੍ਰਿਤ ਅਭਿਆਸ 'ਚ ਆਪਣੇ ਆਪ ਨੂੰ



www.AKJ.Org

ਸਾਵਧਾਨ ਕਰੇ। ਤੇ ਉਸ ਵੇਲੇ ਉਹ ਨਾਮ ਦ੍ਰਿੜਾ ਨਹੀਂ ਰਿਹਾ ਹੁੰਦਾ ਬਲਕਿ ਹਰਿ ਨਾਵੈ ਨਾਲ ਗਲਾਂ ਕਰ ਰਿਹਾ ਹੁੰਦਾ ਏ :

"ਹਰਿ ਨਾਵੈ ਨਾਲਿ ਗਲਾ ਹਰਿਨਾਵੈ ਨਾਲਿ ਮਸਲਤਿ
ਹਰਿਨਾਮੁ ਹਮਾਰੀ ਕਰਦਾ ਨਿਤ ਸਾਰ॥

ਹਰਿ ਨਾਵੈ ਨਾਲ ਗਲਾਂ, ਉਹਦਾ ਰੂਪ ਬਣ ਅਰਥਾਤ ਕੇਵਲ ਅੰਤਰਗਤੀ ਹੀ ਨਹੀਂ ਬਲਕਿ ਬਾਹਰਮੁਖੀ ਹੋ ਆਪਣੇ ਆਪ ਨੂੰ ਅਜੇਹੇ ਨਾਮ ਜਪਣ 'ਚ ਲਾਣਾ ਏ ਜੋ ਹੋਰਨਾਂ ਨੂੰ ਖਿਨ ਖਿਨ ਨਾਮ ਜਪਣ ਲਈ ਪਰੇਰੇ। ਭਾਈ ਸਾਹਿਬ ਦੇ ਲਫਜ਼ਾਂ ਅਨੁਕੂਲ ਕੀਰਤਨ ਪ੍ਰਵਾਨ ਹੀ ਉਹੋ ਏ ਜੋ ਸੰਮੂਹ ਸਾਧ ਸੰਗਤ ਦੀ ਸੁਰਤੀ ਸ਼ਬਦ ਨਾਲ ਜੋੜ ਦੇਵੇ ਤੇ ਜਦ ਸੁਰਤੀ ਸ਼ਬਦ ਨਾਲ ਜੁੜੇਗੀ ਤਾਂ ਅੰਤਰੀਵ ਅਭਿਆਸ ਆਪਣੇ ਆਪ ਮਾਨਸਿਕ ਇੰਦਰੀਆਂ ਤੇ ਸਰੀਰਕ ਹਾਲਤਾਂ ਤੇ ਵਰਤੇਗਾ। ਨਾਮ 'ਚ ਖੀਵਾ ਹੋਇਆ ਗੁਰਮਤ-ਰਤੜਾ-ਹਮੇਸ਼ ਕੀਰਤਨ 'ਚ ਅਜੇਹਾ ਗੁੱਧਾ ਹੁੰਦਾ ਏ ਜੋ ਕਿ ਉਸਨੂੰ ਹਰ ਲਾਈਨ ਦੇ ਹਰ ਲਫ਼ਜ਼ ਵਿਚੋਂ ਜਦ ਅਜੀਬ ਜਿਹਾ ਸਰੂਰ ਆਉਂਦਾ ਏ ਤਾਂ ਉਹ ਨਾਮ ਜਪ ਜਪ ਹੋਰਨਾਂ ਨੂੰ ਪੰਜ ਪਿਆਰਿਆਂ ਕੋਲੋਂ ਨਾਮ ਲੈਣ ਦੀ ਪ੍ਰੇਰਨਾ ਦਿੰਦਾ ਏ।

ਗੁਰਮਤ-ਫਿਲਾਸਫੀ ਅਨੁਕੂਲ ਨਾਮ ਜਪਣਾ ਹੀ ਨਹੀਂ ਬਲਕਿ ਅੰਤਰ-ਆਤਮੇਂ ਨਾਮ ਵਸਾ ਤੇ ਸਤਿਗੁਰੂ ਦੀ ਸ਼ਰਨ ਆ ਨਾਮ ਜਪਿਆ ਫਲੀਭੂਤ ਕਰਨਾ ਏ। ਜੇਕਰ ਆਮ ਸ਼ਖਸ਼ ਇਹ ਵੀ ਸਮਝ ਲਵੇ ਜੋ ਅਸਾਂ ਨਾਮ ਜਾਣ ਲਿਆ ਏ, ਮਗਰ ਸ਼ਬਦ ਤੇ ਸੁਰਤ ਦਾ ਉਹ ਉਦੋਂ ਤਕ ਸੁਮੇਲ ਨਹੀਂ ਕਰ ਸਕਣਗੇ ਜਦ ਤਕ ਉਹ ਪੰਜ ਪਿਆਰਿਆਂ ਕੋਲੋਂ ਪਾਹੁਲ ਲੈ ਗੁਰਮਤ-ਨਾਮ ਆਪਣੇ ਅੰਤਰਗਤ ਦ੍ਰਿੜ ਨਹੀਂ ਕਰ ਸਕਣਗੇ। ਤਾਂ ਕੀ ਕੀਰਤਨ 'ਚ ਵਾਹੁ-ਵਾਹੁ ਅਲਾਪਿਆ ਆਮ ਸ਼ਖਸ਼ ਨਾਮ ਅੰਤਰ ਆਤਮੇ ਵਸਾ ਸਕੇਗਾ? ਨਹੀਂ ਕਦੇ ਨਹੀਂ !! ਸਤਿਗੁਰੂ ਹੀ ਜੇ ਕਿਰਪਾ ਕਰੇ ਤਾਂ ਉਹਨੂੰ ਬਖਸ਼ ਦੇਵੇ। ਸਤਿਗੁਰੂ ਤਾਂ ਨਿੰਦਕ ਤੇ ਅਪਰਾਧੀਆਂ ਤੇ ਵੀ ਬਖਸ਼ਿਸ਼ ਕਰਕੇ ਉਹਨਾਂ ਨੂੰ ਨਾਲ ਰਲਾ ਲਵੇਗਾ ਜੇ ਕਰ ਸਾਡੀ ਆਤਮਾ ਆਪਣੇ ਕਠੋਰ ਪਾਪਾਂ ਤੋਂ ਸਹੀ ਲਫਜ਼ਾਂ 'ਚ ਪਸਚਾਤਾਪ ਕਰੇ। ਸੋ ਕੀਰਤਨ ਕਰਨਹਾਰਾ ਜੇ ਕਰ ਨਾਮ ਕੀਰਤਨ ਦਾ ਸੁਮੇਲ ਕਰਦਾ ਏ ਤਾਂ ਇਹ ਕੋਈ ਗੁਰਮਤ-ਫ਼ਿਲਾਸਫੀ ਅਨੁਕੂਲ ਅਨਹੋਣੀ ਗਲ ਨਹੀਂ। ਹਾਂ, ਕੀ ਕੋਈ ਦਸ ਸਕਦਾ ਏ ਜੋ ਕੀਰਤਨ ਦੀ ਆਤਮਾਂ ਵਿਚ ਜਾਂ ਨਾਮ ਦੀ ਜੋਤ 'ਚ ਕੋਈ ਫਰਕ ਹੋਵੇ ? ਅਰਥਾਤ ਨਾਮ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕੀਰਤਨ ਦੀ ਆਤਮਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਤਾਂ ਤੇ, ਕੀਰਤਨ ਕਰਨਹਾਰਾ ਵੀ ਰਹਿਤਧਾਰੀ ਸਿੰਘ ਹੋਣਾ ਜ਼ਰੂਰੀ ਏ। ਜੇ ਕੀਰਤਨ ਕਰਨਹਾਰਾ ਨਾਮ ਅਭਿਆਸੀ ਜਨ ਅੰਮ੍ਰਿਤਧਾਰੀ ਸਿੰਘ ਹੋਵੇਗਾ ਤਾਂ ਹੀ ਉਸਦਾ ਕੀਰਤਨ ਸਫਲ ਹੋ ਸਕੇਗਾ ਤੇ ਸ਼ਾਇਦ ਗੁਰੂ ਸਾਹਿਬ ਨੇ ਇਸ ਨੁਕਤੇ ਬਾਬਤ ਪਹਿਲਾਂ ਹੀ ਤਾਕੀਦ ਕਰ ਦਿਤੀ ਸੀ।

'ਜਿਨਾ ਅੰਤਰਿ ਕਪਟ ਵਿਕਾਰ ਹੈ
ਤਿਨਾ ਰੋਇ ਕਿਆ ਕੀਜੈ'

ਗੁਰਮਤ ਫਿਲਾਸਫੀ ਨਾਮ ਜੱਪ ਜੱਪ ਜਾਂ ਲਿੱਖ ਲਿੱਖਕੇ ਵੇਚਨ ਨੂੰ ਧ੍ਰਿਗ ਕਰਾਰ ਦਿੰਦੀ ਏ।

'ਧ੍ਰਿਗ ਤਿਨਾ ਕਾ ਜੀਵਿਆ,
ਜੋ ਲਿਖ ਲਿਖ ਵੇਚਹਿ ਨਾਉ।"

ਕੀਰਤਨ ਸਮੂੰਹ ਸੰਗਤ ਲਈ ਤਾਂ ਹੀ



www.AKJ.Org

ਅਨੰਦਮਈ ਹੋ ਸਕਦਾ ਏ ਜੇਕਰ ਕੀਰਤਨ ਵਖਾਵੇ ਦੀ ਥਾਂ ਆਤਮਿਕ ਸਮਝ ਅਲਾਪਿਆ ਜਾਵੇ।

ਰਾਗਾਂ ਦੇ ਗਲਤ-ਪਰਛਾਵਿਆਂ ਹੇਠਾਂ ਗੁਰਬਾਣੀ ਦੇ ਬੇਅਦਬੀ ਜੋ ਅਸੀਂ ਆਮ ਅਨੁਭਵ ਕਰਦੇ ਹਾਂ, ਕਦੇ ਵੀ ਗੁਰਮਤ ਫਿਲਾਸਫੀ ਬਰਦਾਸ਼ਤ ਨਹੀਂ ਕਰ ਸਕਦੀ। ਇਹਨਾਂ ਹੀ ਰਾਗਾਂ ਨੂੰ ਅਜੇਹੇ ਚੰਗੇ ਢੰਗ ਨਾਲ ਵੀ ਅਲਾਪਿਆ ਜਾ ਸਕਦਾ ਹੈ ਜਿਸ ਤੋਂ ਰਾਗ-ਅਸੂਲ ਵੀ ਪੂਰੇ ਹੋਣ ਮਗਰ ਗੁਰਮਤ ਰਸ ਵੀ ਆਪਣੀ ਸਿਖਰ 'ਚ ਟਹਿਕਦਾ ਹੋਵੇ ਅਰਥਾਤ ਗੁਰਬਾਣੀ ਦੀਆਂ ਤੁਕਾਂ ਇਤਨੀਆਂ ਧੁੰਧਲੀਆਂ ਨਾ ਬਣਾਈਆਂ ਜਾਣ ਜੋ ਕਿ ਉਹ ਆਮ ਸੰਗਤਾਂ ਦੀ ਸਮਝ ਵਿਚ ਨਾ ਆ ਸਕਣ ! ਸ਼ਾਇਦ ਇਸੇ ਕਰਕੇ ਅਜੋਕੀ ਗੁਰਮਤ ਇਕ ਅਜੇਹੇ ਪੜਾਅ ਤੇ ਅਪੜ ਰਹੀ ਏ ਜਿਥੇ ਗੁਰਸਿਖ ਫੁਲਵਾੜੀ ਕਈ ਰੂਪਾਂ ਵਿਚ ਬਿਖਰ ਚੁੱਕੀ ਏ। ਅਰਥਾਤ ਘਾਲ ਖ਼ਾਣ ਵਾਲਾ ਕੀਰਤਨ ਕ੍ਰਿਸ਼ਮੇ ਤੋਂ ਵਾਂਝਾ ਰਹਿੰਦਾ ਏ ਤੇ ਨਾਲ ਹੀ ਉਹ ਨਾਮ ਜੱਪ ਜੱਪ ਵੀ ਗੁਣਾਂ ਦੀ ਗੰਢ ਬੰਨਣ ਤੋਂ ਕੰਨੀ ਕਤਰਾਂਦਾ ਰਹਿੰਦਾ ਏ ਸ਼ਾਇਦ ਆਲਸ ਮਈ ਹਾਲਤਾਂ ਦਾ ਸ਼ਿਕਾਰ ਹੋ ਕੇ। ਪਰ ਜਦ ਕੀਰਤਨ ਕਰਨਹਾਰਾ, ਗੁਰਮਤ ਆਦਰਸ਼ ਤੋਂ ਜਦ ਕਦੇ ਪਰੇ ਲੰਘ ਜਾਂਦਾ ਏ ਅਰਥਾਤ ਨਾਮ ਵੇਚਦਾ ਏ, ਤਾਂ ਗੁਰਮਤ ਦੇ ਗੰਭੀਰ ਤੇ ਸੁਚਜੇ ਨਿਰਣੇ ਉਸ ਵਿਚ ਨਹੀਂ ਸਮਾ ਸਕਦੇ ਤੇ ਸ਼ਾਇਦ ਉਹ ਇਸੇ ਕਰਕੇ ਆਪਣੇ ਅੰਤਰ ਆਤਮੇ ਘਾਲ ਖਾਣ ਵਾਲਾ ਨਿਯਮ ਨਹੀਂ ਦ੍ਰਿੜਾ ਸਕਦਾ ਜੋ ਸਿਹਤ ਦੀ ਅਰਗੋਤਾ ਲਈ ਬੇਹਦ ਜ਼ਰੂਰੀ ਏ। ਸੋ ਸਪਸ਼ਟ ਹੋਇਆ ਜੇ ਕੀਰਤਨ ਦੀ ਆਤਮਾ ਤੇ ਨਾਮ ਦੀ ਜੋਤ 'ਚ ਕੋਈ ਭਿੰਨ ਭੇਦ ਨਹੀਂ। ਫ਼ਿਰ ਇਹ ਵੀ ਪ੍ਰਗਟੇਗਾ ਜੋ ਕੀਰਤਨੀ ਸਿੰਘ ਤੇ ਨਾਮੀ ਸਿੰਘ ਵਿਚ ਵੀ ਕੋਈ ਭਿੰਨ ਭੇਦ ਨਹੀਂ ਹੋਣਾ ਚਾਹੀਦਾ ਤੇ ਦੂਜੇ ਲਫਜ਼ਾਂ 'ਚ ਸਟੇਜ ਦੀ ਪਵਿਤ੍ਰਤਾ ਨੂੰ ਕਾਇਮ ਰਖਣ ਲਈ ਕੀਰਤਨੀਆ ਅੰਮ੍ਰਿਤਧਾਰੀ ਸਿੰਘ ਅਤੇ ਰਹਿਤ ਬਹਿਤ ਵਿਚ ਸੰਪੂਰਨ ਹੋਣਾ ਚਾਹੀਦਾ ਏ ਤਾਂ ਜੋ ਜਦ ਵੀ ਕੀਰਤਨ-ਮੰਡਲੀ ਭਗਤ ਕਰਨ ਬੈਠੇ ਤਾਂ ਹਰ ਇਕ ਦੇ ਚਿਹਰੇ ਤੋਂ ਜਾਗਤ ਜੋਤ ਦਾ ਪ੍ਰਕਾਸ਼ ਖਿੜੇ। ਜੇ ਕਰ ਕੀਰਤਨੀ ਸਿੰਘ ਨਾਮ ਜੱਪ ਜੱਪ ਰੰਗਿਆ ਹੋਵੇਗਾ ਤਾਂ ਹੀ ਉਹ ਪੰਚ ਸ਼ਬਦ "ਅਨਹਦ-ਫਿਲਾਸਫੀ" ਦੀ ਗੰਜ ਖਿੜਾ ਸਕਦਾ ਏ। ਤੇ ਜਦ ਉਹ ਸਭ ਕੁਛ ਆਪਣੇ ਕੀਰਤਨ ਦਾ ਆਧਾਰ ਬਣਾਵੇਗਾ ਤਾਂ ਇਹ ਸੰਭਵ ਏ ਜੋ ਉਸ ਦਾ ਅੰਤਰੀਵ ਤੇ ਬਾਹਰ ਮੁਖੀ ਵਿਲਖਣ ਜ਼ਰੂਰ ਕੀਰਤਨ 'ਚ ਵਾਹੁ ਵਾਹੁ ਦਾ ਅਭਿਆਸ ਖਿੜਾਵੇ। ਇਹ ਭੁਲੇਖਾ ਸਾਨੂੰ ਆਪਣੇ ਦਿਲ ਦਿਮਾਗ ਚੋਂ ਕਢ ਦੇਣਾ ਚਾਹੀਦਾ ਹੈ ਜੁ ਕੀਰਤਨ 'ਚ ਵਾਹੁ ਵਾਹੁ ਦੀ ਮਹਿਮਾ ਖਿਲੇਰਨ ਨਾਲ ਕੀਰਤਨ ਹੀਰੇ ਦੀ ਬੇਅਦਬੀ ਹੋਵੇਗੀ ਕਿਉਂਕਿ ਆਮ ਮਨੁਖ ਗੁਰਮਤ-ਨਾਮ ਨੂੰ ਸਹਿਜੇ ਹੀ ਦ੍ਰਿੜ ਕਰ ਲਵੇਗਾ, ਤੇ ਨਾਲੋ ਨਾਲ ਉਸਨੂੰ ਪੰਜਾਂ ਪਿਆਰਿਆਂ ਪਾਸੋਂ ਨਾਮ ਲੈਣ ਦੀ ਜ਼ਰੂਰਤ ਨਹੀਂ ਹੋਵੇਗੀ—ਨਹੀਂ ! ਨਹੀਂ !! ਅਜੇਹੀ ਗਲ ਨਹੀਂ, ਗੁਰਬਾਣੀ ਦੀ ਬੇਅਦਬੀ ਵਾਹੁ ਵਾਹੁ ਦਾ ਅਭਿਆਸ ਖਿੜਾਇਆਂ ਨਹੀਂ ਹੋਵੇਗੀ, ਹਾਂ ਜੇ ਅਣਜਾਣ ਜਾਂ ਮਨਮੁਖ ਬੇਮੁਖ ਕੀਰਤਨੀਏ ਜੋ ਸਟੇਜ ਦੀ ਪਵਿਤ੍ਰਤਾ ਨਹੀਂ ਸਮਝ ਸਕਦੇ, ਜੇਕਰ ਇਸ


www.AKJ.Org

ਗੁਰਮਤ ਵਾਹੁ-ਵਾਹੁ ਨੂੰ ਆਪਣੇ 'ਚ ਵਿਖਾਵੇ ਖ਼ਾਤਰ ਰਲਾਉਣ ਤਾਂ ਅਸੀਂ ਮੰਨ ਸਕਦੇ ਹਾਂ ਜੋ ਗੁਰਬਾਣੀ ਦੀ ਜ਼ਰੂਰ ਬੇਅਦਬੀ ਹੋਵੇਗੀ, ਕਿਉਂਕਿ ਉਸ ਹਾਲਾਤ ਵਿਚ ਇੰਜ ਹੋਵੇਗਾ ਜੋ ਚੂੰਕਿ ਉਹਨਾਂ ਦਾ ਅਭਿਆਸ ਕੀਤਾ ਕਦੇ ਵੀ ਸਫਲ ਨਹੀਂ ਹੋ ਸਕਦਾ, ਸੋ ਉਹਨਾਂ ਦਾ ਇਹ ਵਿਖਾਵਾ ਨਿਰਾ ਪਖੰਡ ਹੀ ਦਿਖੇਗਾ ਜੋ ਕਿ ਜਾਂ ਤਾਂ ਉਹ ਵਕਤ ਲੰਘਾ ਰਹੇ ਹੋਣਗੇ ਜਾਂ ਸਟੇਜ ਦੀ ਪਵਿਤਰਤਾ ਉਹ ਆਪਣੇ ਹਥ ਵਿਚ ਲੈ ਗੁਰਮਤ-ਨਿਰਣਿਆਂ ਤੋਂ ਉਹ ਕੋਹਾਂ ਦੂਰ ਜਾ ਰਹੇ ਹੋਣਗੇ। ਸੋ ਇਹ ਫਲਸਫਾ ਸਾਨੂੰ ਸਮਝਣਾ ਪਵੇਗਾ ਜੋ ਕੀਰਤਨੀ ਸਿੰਘ ਰਹਿਤ ਬਹਿਤ 'ਚ ਇਉਂ ਦ੍ਰਿੜ ਹੋਣਾ ਚਾਹੀਦਾ ਹੈ ਜੁ ਜਾਗਤ ਜੋਤ ਦੀ ਰੋਮਾਵਲੀ ਉਹਦੇ ਰੋਮ ਰੋਮ ਚੋਂ ਟਹਿਕੇ। ਬਲਕਿ ਇਹ ਵੀ ਜ਼ਰੂਰੀ ਏ ਜੋ ਗੁਰਮਤ-ਫ਼ਿਲਾਸਫ਼ੀ ਲਿਖਣਹਾਰੇ ਅਰਥਾਤ ਗੁਰਸਿਖ ਵਿਦਵਾਨ ਵੀ ਰਹਿਣੀ ਦੇ ਇਤਨੇ ਪਕੇ ਹੋਣ, ਜੋ ਉਹਨਾਂ ਦਾ ਵਿਚਰਣ ਕਥਨੀ ਦਾ ਰੂਪ ਦਿਖੇ।

ਸੋ ਸਪਸ਼ਟ ਹੋਇਆ ਜੋ ਕੀਰਤਨ ਕਰਨਹਾਰਾ ਜੇਕਰ ਰਹਿਣੀ 'ਚ ਪ੍ਰਪੱਕ ਨਹੀਂ ਹੋਵੇਗਾ ਤਾਂ ਇਹ ਸਦਾ ਸੰਭਵ ਏ ਜੋ ਉਹ ਇਸ ਵਾਹੁ-ਵਾਹੁ ਦੇ ਨੂਰੀ ਅਭਿਆਸ ਦੀ ਬੇਅਦਬੀ ਕਰ ਰਿਹਾ ਹੋਵੇ; ਮਗਰ ਅੰਮ੍ਰਿਤਧਾਰੀ ਸੂਝ-ਬੂਝ ਵਾਲਾ ਸਿੰਘ ਜਿਸਨੂੰ ਸਚੇ ਨਾਮ ਨਾਲ ਰੰਗ ਰਤੀ ਪਿਰਹੜੀ ਹੋਵੇ ਤਾਂ ਵਲਵਲੇ 'ਚ ਆ ਜੇ ਉਹ ਸਰੂਰ-ਮਈ ਹੈ ਜੇਕਰ ਵਾਹੁ-ਵਾਹੁ ਅਭਿਆਸ 'ਚ ਗ਼ਲਤਾਨ ਹੁੰਦਾ ਏ ਤਾਂ ਗੁਰਮਤ-ਫ਼ਿਲਾਸਫ਼ੀ ਅਨੁਕੂਲ ਉਹ ਸਚੇ ਪਾਤਸ਼ਾਹ ਦਾ ਨਾਮ ਗੁਰਮਤ ਗੁਰਬਾਣੀ ਦੇ ਨਾਲ ਇਕ ਗੁਲਦਸਤੇ ਵਾਂਗ ਸੁਮੇਲ ਕਰਦਾ ਏ।

ਇਕ ਹੋਰ ਗਲ ਇਹ ਸਪਸ਼ਟ ਹੋਈ ਜੋ ਕੀਰਤਨ 'ਚ ਵਾਹੁ-ਵਾਹੁ ਦੀ ਖੁਮਾਰੀ ਤਾਂ ਹੀ ਸਿਖਰ ਤੇ ਅਪੜ ਸਕਦੀ ਏ ਜੇ ਕੀਰਤਨ ਕਰਨ-ਹਾਰਾ ਆਪਣੇ ਨਿਜ ਤੇ ਹੋਰ ਕਾਰ ਵਿਹਾਰਾਂ 'ਚ ਇਤਨਾ ਪਾਕ ਹੋਵੇ ਤੇ ਰਹਿਤ ਬਹਿਤ ਦਾ ਇਤਨਾ ਧਨੀ ਹੋਵੇ ਜੋ ਕਿ ਆਪ-ਮੁਹਾਰੇ ਉਹਦੇ ਬੋਲਾਂ ਵਿਚੋਂ ਵਾਹੁ-ਵਾਹੁ ਦੇ ਕ੍ਰਿਸ਼ਮੇ ਵਗਣ। ਇਹ ਗਲ ਵੀ ਯਾਦ ਰਖਣ ਯੋਗ ਏ ਜੋ ਪਖੰਡ ਆਖਰ ਉਘੜ ਹੀ ਆਉਂਦਾ ਏ।

ਕੀ ਕੀਰਤਨ 'ਚ ਵਾਹੁ-ਵਾਹੁ ਕਰਨਾ ਜ਼ਰੂਰੀ ਏ ? ਜੇ ਨਾ ਕੀਤਾ ਜਾਵੇ ਤਾਂ ਕੀ ਹਰਜ ਏ ? ਕੀ ਉਹ ਕੀਰਤਨ ਗੁਰਮਤ ਪ੍ਰਵਾਨ ਨਹੀਂ ਕਰੇਗੀ ? ਗੁਰਮਤ-ਫਿਲਾਸਫੀ ਅਨੁਕੂਲ ਨਾ ਵਾਹੁ-ਵਾਹੁ ਅਭਿਆਸ ਮਈ ਗੁਲਦਸਤਾ ਬਨਾਉਣ ਦਾ ਕੋਈ ਹਰਜ ਹੈ ਤੇ ਨਾ ਹੀ ਇਸਦੇ ਨਾ ਕੀਤਿਆਂ ਕੀਰਤਨ ਅਪ੍ਰਵਾਨ ਬਣ ਜਾਵੇਗਾ। ਵਾਹੁ-ਵਾਹੁ ਦਾ ਅਭਿਆਸ ਜਦ ਕੀਰਤਨ 'ਚ ਕੀਤਾ ਜਾਂਦਾ ਏ ਤਾਂ ਸਾਨੂੰ ਜਾਂ ਕੀਰਤਨੀ ਸਿੰਘ ਨੂੰ ਇਹ ਨਹੀਂ ਸੋਚਣਾ ਚਾਹੀਦਾ ਜੋ ਕਿ ਇਵੇਂ ਸਮਾਂ ਛੇਤੀ ਲੰਘ ਜਾਵੇਗਾ, ਬਲਕਿ ਇਹ ਅਭਿਆਸ ਉਦੋਂ ਤਕ ਰਹਿਣਾ ਚਾਹੀਦਾ ਹੈ ਜਦ ਤਕ ਤੁਹਾਡਾ ਅੰਤਰੀਵ ਦਿਲ ਦਿਮਾਗ ਤੁਹਾਡੀਆਂ ਨਾੜਾਂ ਤੇ ਅਕਸੀਰ ਜਮਾਂਦਾ ਰਹੇ। ਜੇ ਤੁਸੀਂ ਵਾਹੁ-ਵਾਹੁ ਅਭਿਆਸ 'ਚ ਜੁੜਨ 'ਚ ਰਹੇ, ਤੇ ਇਸਦਾ ਮਤਲਬ ਇਹ ਨਹੀਂ ਜੋ ਗੁਰਬਾਣੀ ਬਹੁਤ ਘਟ ਪੜੀ ਜਾਵੇ ਤੇ ਵਾਹੁ-ਵਾਹੁ ਦਾ ਅਭਿਆਸ ਬਿਨਾਂ ਗੁਰਬਾਣੀ ਦੀ ਅਣਸਮਝੇ ਹਰ ਯੋਗ ਅਯੋਗ ਜਗਾ ਵਰਤਿਆ ਜਾਵੇ। ਗੁਰਬਾਣੀ ਦੀ ਖੋਜ ਤੇ ਗੁਰਬਾਣੀ ਦਾ ਅਭਿਆਸ ਸਦਾ ਸਦਾ ਨਾਮ *



www.AKJ.Org

ਸਿਖ-ਇਤਿਹਾਸ ਦੇ ਝਰੋਖੇ 'ਚੋਂ—

# ਜਿਨ ਪ੍ਰੇਮ ਕੀਓ.........

( ਇਕ ਗੁਰਮਤਿ ਖੋਜੀ ਦੀ ਕਲਮ ਤੋਂ )

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਸ਼ਸ਼ੋਭਤ ਹਨ। ਸੰਗਤਾਂ ਦੂਰ ਦੂਰ ਤੋਂ ਆਕੇ ਮਨ-ਬਾਂਛਤ ਫਲ ਪ੍ਰਾਪਤ ਕਰ ਰਹੀਆਂ ਹਨ। ਜਿੱਥੇ ਸੱਚ ਦੇ ਖੋਜੀ ਨਾਮ ਰਸ ਪੀਕੇ ਜਨਮ ਸਫਲ ਕਰ ਰਹੇ ਹਨ, ਉਥੇ ਨਾਲ ਹੀ ਦੇਸ਼-ਕੌਮ ਦੇ ਕਲਿਆਣ ਲਈ ਸ੍ਰੀ ਦਸਮੇਸ਼ ਜੀ ਦੇ ਸੰਤ ਸਿਪਾਹੀ ਗੁਰੂ ਹੁਕਮਾਂ ਤੋਂ ਤਨ-ਮਨ ਕੁਰਬਾਨ ਕਰ ਰਹੇ ਹਨ।

ਸ੍ਰੀ ਦਸਮੇਸ਼ ਪਿਤਾ ਜੀ ਚੜ੍ਹਦੀ ਜਵਾਨੀ ਵਿਚ ਹਨ। ਉਹ ਸੁਹਣੇ ਜਵੇਂ-ਮਰਦ, ਚੌੜੇ-ਸੀਨੇ ਵਾਲੇ, ਰਸੀਲੇ ਨੈਣਾਂ ਵਾਲੇ; ਉੱਚੇ ਸੁਆਦਾਂ ਵਾਲੇ, ਜਾਹ ਵਾਲੇ, ਜਲਾਲ ਵਾਲੇ; ਰਾਗੀ ਅਤੇ ਕਵੀ ਹਰ ਆਏ ਗਏ ਪ੍ਰਾਣੀ ਨੂੰ ਜੀਆ-ਦਾਨ ਦੇ

---

*ਸਿਮਰਣ ਦੀ ਜਾਗ ਲਾਂਦਾ ਆਇਆ ਏ ਸਮੂੰਹ ਦੁਨਿਆਵੀ, ਸੰਸਾਰੀ ਆਤਮਿਕ ਤੇ ਸਰੀਰਕ ਬਰਕਤਾਂ ਇਸ ਗੁਰਮਤ ਗੁਰਬਾਣੀ ਖਜ਼ਾਨੇ ਦੇ ਅੰਦਰ ਜੜੀਆਂ ਨੇ। ਜਿਤਨੀ ਜ਼ਿਆਦਾ ਗੁਰਬਾਣੀ ਪੜ੍ਹਾਂਗੇ, ਲਿਖਾਂਗੇ, ਘੋਖਾਂਗੇ ਸਾਡੀ ਆਤਮਾ ਉਤਨੀ ਹੀ ਸ਼ੁਧ ਹੋਵੇਗੀ ਫਿਰ ਸਾਡੇ ਅੰਦਰ ਆਤਮਿਕ-ਵੀਚਾਰਾਂ ਪੈਦਾ ਹੋਣਗੀਆਂ ਤੇ ਉਸ ਤੋਂ ਬਾਅਦ ਨਾਮ-ਅਭਿਆਸ ਦਾ ਖੇੜਾ ਜਿਸਦੇ ਲਈ ਦੇਵੀ ਦੇਵਤੇ ਵੀ ਲੋਚਦੇ ਨੇ ਸਾਨੂੰ ਪੰਜਾਂ ਪਿਆਰਿਆਂ ਪਾਸੋਂ ਮਿਲੇਗਾ। ਸੋ ਕੀਰਤਨ ਕਰਦੇ ਜਾਂ ਸੁਣਦੇ ਸਾਨੂੰ ਸੁਰਤੀ ਅਕਾਲ ਪੁਰਖ ਦੇ ਚਰਨਾਂ ਵਿਚ ਜੋੜਨੀ ਚਾਹੀਦੀ ਏ ਤੇ ਗੁਰਬਾਣੀ ਦਾ ਵਧ ਤੋਂ ਵਧ ਰਟਨ ਹੋਣਾ ਚਾਹੀਦਾ ਏ। ਪਰ ਇਹ ਸਾਨੂੰ ਭੁਲ ਕੇ ਵੀ ਵਹਿਮ ਨਹੀਂ ਕਰਨਾ ਚਾਹੀਦਾ ਜੋ ਕੀਰਤਨ 'ਚ ਵਾਹੁ-ਵਾਹੁ ਦਾ ਅਭਿਆਸ ਕੀਰਤਨ ਦੀ ਅਖੰਡਤਾ 'ਚ ਵਿਘਨ ਪਾਉਂਦਾ ਏ। ਹਾਂ ਜੇ ਕਰ ਗੁਰਬਾਣੀ ਦੀ ਬੇਅਦਬੀ ਹੋਵੇਗੀ ਤਾਂ ਹੀ ਕੀਰਤਨ ਦੀ ਅਖੰਡਤਾ 'ਚ ਵਿਘਨ ਪਵੇਗਾ ਮਗਰ ਗੁਰਬਾਣੀ ਦੀ ਬੇਅਦਬੀ ਉਹੀ ਸ਼ਖਸ ਕਰਨ ਦਾ ਹੀਆ ਕਰਨਗੇ ਜੋ ਗੁਰਮਤਵਾਦ ਨੂੰ ਸਮਝ ਨਹੀਂ ਸਕੇ ਹੋਣਗੇ ਤੇ ਗੁਰਮਤ-ਰਸੀਲੜਾ ਹਰੇਕ ਤੁਕ ਦਾ ਸੋਚ ਵਿਚਾਰ ਕੇ ਰਟਨ ਕਰੇਗਾ ਜੋ ਸਾਨੂੰ ਫਿਰ ਵੀ ਇਸ ਲਈ ਕੁਛ ਨਾ ਕੁਛ ਜ਼ਰੂਰ ਸਾਵਧਾਨ ਰਹਿਣਾ ਪਵੇਗਾ।

---



www.AKJ.Org

ਰਹੇ ਹਨ। ਆਪ ਜੀ ਦੇ ਚਿਹਰੇ ਤੋਂ ਸੁੰਦਰਤਾ ਇਉਂ ਬਾਹਰ ਪਸਰ ਰਹੀ ਹੈ, ਜਿਵੇਂ ਪੂਰਨਮਾਸ਼ੀ ਦੇ ਚੰਦ ਤੋਂ ਚਾਨਣੇ ਦੀਆਂ ਰਿਸ਼ਮਾਂ ਪਰਕਾਸ਼ ਕਰਦੀਆਂ ਹਨ। ਸਰੀਰਕ ਸੁੰਦਰਤਾ ਦੇ ਨਾਲ ਰੂਹਾਨੀ ਸੁਹਜ ਹੋਰ ਜਾਦੂ ਕਰ ਰਿਹਾ ਹੈ। ਇਉਂ ਜਾਪਦਾ ਹੈ ਕਿ ਸ਼ਾਂਤ ਰਸ, ਬੀਰ-ਰਸ ਤੇ ਸ਼ਿੰਗਾਰ ਇਕ ਰੂਪ ਹੋਕੇ ਸਮਾਧੀ ਲਾਈ ਬੈਠੇ ਹਨ।

ਦੇਵੀ ਸਾਹਿਬ ਦੇਵਾਂ ਦੇ ਮਾਤਾ-ਪਿਤਾ ਰਾਵਲ ਪਿੰਡੀ ਦੇ ਵਸਨੀਕ ਸਨ। ਹੋਰ ਸੰਗਤ ਦੇ ਨਾਲ ਉਹ ਵੀ ਇਕ ਵਾਰੀ ਗੁਰੂ ਜੀ ਦਾ ਦੀਦਾਰ ਸ੍ਰੀ ਅਨੰਦਪੁਰ ਕਰ ਆਏ ਸਨ। ਉਨ੍ਹਾਂ ਦੀ ਬੱਚੀ ਸਾਹਿਬ ਦੇਵਾਂ ਵਰ-ਪ੍ਰਾਪਤ ਅਜੇ ਪੰਦਰਾਂ ਸਾਲਾਂ ਦੀ ਸੀ। ਆਪਣੇ ਮਾਤਾ ਪਿਤਾ ਤੇ ਗਲੀ-ਗੁਆਂਢ ਦੀ ਸੰਗਤ ਤੋਂ ਉਸ ਨੇ ਭੀ ਸ੍ਰੀ ਕਲਗੀਧਰ ਜੀ ਦੇ ਸਤੋਗੁਣੀ ਤੇਜ ਪਰਤਾਪ ਦੀ ਮਹਿਮਾਂ ਸੁਣੀ। ਗੁਰਬਾਣੀ ਨਾਲ ਅਥਾਹ ਪਿਆਰ ਤਾਂ ਉਸਦਾ ਪਹਿਲਾਂ ਹੀ ਸੀ। ਜਪ-ਜੀ, ਸ਼ਬਦ-ਹਜ਼ਾਰੇ, ਅਨੰਦ ਸਾਹਿਬ, ਸੁਖਮਨੀ ਸਾਹਿਬ, ਰਹਿਰਾਸ ਸਾਹਿਬ ਅਤੇ ਕੀਰਤਨ ਸੋਹਿਲਾ ਉਸ ਦਾ ਦਿਨ ਦਾ ਨਿਤਨੇਮ ਸਨ। ਜਿਥੇ ਉਹ ਸਾਰਾ ਦਿਨ ਗੁਰੂ ਗੁਰੂ ਧਿਆਉਂਦੀ, ਉਥੇ ਨਾਲ ਹੀ ਕਈ ਵਾਰੀ ਮਿੱਠੀ ਸੁਰ ਨਾਲ ਇਹ ਸ਼ਬਦ ਪੜ੍ਹਦੀ...

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ,
ਬਿਨੁ ਦਰਸਨ ਸੰਤ ਪਿਆਰੇ ਜੀਉ ॥
ਹਉ ਘੋਲੀ ਜੀਉ ਘੋਲਿ ਘੁਮਾਈ,
ਗੁਰ ਦਰਸਨ ਸੰਤ ਪਿਆਰੇ ਜੀਉ ॥ (ਮ: ੫)

ਗੁਰੂ ਜੀ ਦੇ ਅਣਡਿੱਠੇ ਦਰਸ਼ਨਾਂ ਨੇ ਹੀ ਉਸ ਦੇ ਜੀਵਨ ਵਿਚ ਅਨੂਠਾ ਜਿਹਾ ਸੁਆਦ ਭਰ ਦਿਤਾ। ਅੰਮ੍ਰਿਤ ਵੇਲੇ ਦੋ ਬਜੇ ਉਠ ਕੇ ਗੁਰੂ ਚਰਨਾਂ ਦਾ ਧਿਆਨ ਧਰਨਾ, ਗੁਰਬਾਣੀ ਨੂੰ ਪਿਆਰ ਤੇ ਵੈਰਾਗ ਸਹਿਤ ਪੜ੍ਹਨਾ, ਉਸ ਦੀ ਆਤਮਿਕ ਖੁਰਾਕ ਸੀ।

ਇਕ ਦਿਨ ਅੰਮ੍ਰਿਤ ਵੇਲੇ ਉਸ ਸੁਪਨੇ ਵਿਚ ਡਿੱਠਾ ਕਿ ਸ੍ਰੀ ਦਸਮੇਸ਼ ਜੀ ਉਸ ਦੇ ਘਰ ਆਏ ਹਨ। ਅਨੰਦ ਕਾਰਜ ਕਰਕੇ ਉਸ ਨੂੰ ਡੋਲੀ ਵਿਚ ਪਾਕੇ ਅਨੰਦਪੁਰ ਸਾਹਿਬ ਲੈ ਗਏ ਹਨ। ਅਨੰਦਪੁਰ ਸਾਹਿਬ ਜਾਕੇ ਜਿਉਂ ਹੀ ਸ੍ਰੀ ਦਸਮੇਸ਼ ਜੀ ਨੇ ਉਸ ਦੇ ਸਿਰ ਉਤੇ ਹਥ ਰਖਿਆ ਤਾਂ ਮਾਨੋ ਉਸ ਦੇ ਕਪਾਟ ਖੁਲ ਗਏ। ਉਸ ਨੂੰ 'ਨਾਨਕ ਭਗਤਾ ਸਦਾ ਵਿਗਾਸ' ਦੀ ਅਵਸਥਾ ਪ੍ਰਾਪਤ ਹੋ ਗਈ। ਸੁਪਨੇ ਦੀ ਅਵਸਥਾ ਤੋਂ ਪਰੇਰਤ ਹੋਕੇ ਉਸ ਨੇ ਮਨ ਹੀ ਮਨ ਵਿਚ ਪ੍ਰਣ ਕਰ ਲਿਆ ਕਿ ਮੈਂ ਸ੍ਰੀ ਦਸਮੇਸ਼ ਜੀ ਦੀ ਅਰਧੰਗੀ ਹੀ ਬਣਾਂਗੀ।

ਇਸ ਦੇਵੀ ਦੇ ਘਰ ਵਿਚ ਉਸ ਦੇ ਮਤਾ ਪਿਤਾ, ਉਸ ਦੇ ਰਿਸ਼ਤੇ ਸੰਬੰਧੀ ਸੋਚ ਵਿਚਾਰ ਕਰਦੇ ਰਹਿੰਦੇ ਸਨ। ਸਵੇਰੇ ਜਦੋਂ ਉਸ ਦੀ ਮਾਤਾ ਨੇ ਉਸ ਦੇ ਪਿਤਾ ਨਾਲ ਸਾਹਿਬ ਦੇਵਾਂ ਦੇ ਰਿਸ਼ਤੇ ਸੰਬੰਧੀ ਗਲ ਛੇੜੀ ਤਾਂ ਦੇਵੀ ਨੇ ਮਾਤਾ ਨੂੰ ਰੋਕ ਦਿਤਾ। ਉਸ ਨੇ ਬੜੀ ਨਿਰਭੈਤਾ ਨਾਲ ਮਾਤਾ ਨੂੰ ਦਸਿਆ ਕਿ ਸੁਪਨੇ ਵਿਚ ਮੇਰਾ ਅਨੰਦ ਕਾਰਜ ਸ੍ਰੀ ਦਸਮੇਸ਼ ਪਿਤਾ ਜੀ ਨਾਲ ਹੋ ਚੁਕਾ ਹੈ। ਮੈਂ ਹੋਰ ਕਿਸੇ ਨਾਲ ਰਿਸ਼ਤਾ ਨਹੀਂ ਕਰਵਾ ਸਕਦੀ।

ਸੁਪਨੇ ਦੀ ਸਾਰੀ ਵਿਥਿਆ ਸੁਣਕੇ ਅਤੇ ਆਪਣੀ ਦੇਵੀ ਬੱਚੀ ਦੀ ਦ੍ਰਿੜਤਾ ਵੇਖਕੇ ਮਾਤਾ ਪਿਤਾ ਦਾ ਮਨ ਬਦਲ ਗਿਆ। ਹੌਲੀ ਹੌਲੀ ਸਾਰੇ


www.AKJ.Org

ਸ਼ਹਿਰ ਵਿਚ ਇਹ ਗਲ ਧੁੰਮ ਗਈ।

ਸਾਹਿਬ ਦੇਵਾਂ ਦੇ ਪਿਤਾ ਤੇ ਹੋਰ ਗੁਰਮੁਖਾਂ ਨੇ ਆਪਣੀ ਬੱਚੀ ਦੀ ਦ੍ਰਿੜਤਾ ਨੂੰ ਗੰਭੀਰਤਾ ਨਾਲ ਸੋਚਣਾ ਸ਼ੁਰੂ ਕੀਤਾ। ਪਰ ਸਾਰਿਆਂ ਅਗੇ ਸਵਾਲ ਸੀ ਕਿ ਕੀ ਗੁਰੂ ਕਲਗੀਧਰ ਪਿਤਾ ਜੀ ਸਾਹਿਬ ਦੇਵਾਂ ਨੂੰ ਆਪਣੀ ਅਰਧੰਗੀ ਵਜੋਂ ਅਪਣਾ ਲੈਣਗੇ ? ਪਰ ਸਾਹਿਬ ਦੇਵਾਂ ਦਾ ਪਿਆਰ ਅਟਲ ਸੀ, ਭਾਵੇਂ ਸ੍ਰੀ ਦਸਮੇਸ਼ ਜੀ ਦਾ ਅਨੰਦ ਕਾਰਜ ਹੋ ਚੁਕਾ ਸੀ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਸਨ।

ਦੇਵੀ ਸਾਹਿਬ, ਦੇਵਾਂ ਦਾ ਪਿਆਰ ਅਜਿਹਾ ਸੀ, ਜਿਥੇ ਵਿਸ਼ੇ ਵਿਕਾਰ ਨੂੰ ਕੋਈ ਥਾਂ ਨਹੀਂ ਸੀ। ਮਾਤਾ ਪਿਤਾ ਵਲੋਂ ਕਿਸੇ ਹੋਰ ਰਿਸ਼ਤੇ ਬਾਰੇ ਸੋਚਣਾ ਵੀ ਉਹ ਆਪਣੇ ਪਵਿਤਰ ਇਸਤਰੀ ਧਰਮ ਉਤੇ ਦਾਗ ਸਮਝਦੀ ਸੀ। ਉਹ ਆਤਮਿਕ ਤੌਰ ਤੇ ਗੁਰੂ ਜੀ ਨਾਲ ਇਕ ਜੋਤ ਹੋ ਜਾਣਾ ਲੋਚਦੀ ਸੀ। ਉਹ ਦਿਨ ਵਿਚ ਕਈ ਵਾਰੀ ਇਹ ਤੁਕਾਂ ਪੜ੍ਹਦੀ—

> 'ਹਉ ਖਿਨੁ ਪਲੁ ਰਹਿ ਨ ਸਕਉ ਬਿਨ ਪ੍ਰੀਤਮ,
> ਜਿਉਂ ਬਿਨੁ ਅਮਲੈ ਅਮਲੀ ਮਰਿ ਗਈਆ।'

ਗੁਰੂ ਜੀ ਦੇ ਦੀਦਾਰ ਲਈ ਤਰਸਦੇ ਨੈਣ ਇਉਂ ਕਹਿੰਦੇ ਜਾਪਦੇ :—

> 'ਤੂੰ ਚਉ ਸਜਣ ਮੈਡਿਆ, ਡੇਈ ਸਿਸ ਉਤਾਰਿ॥
> ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰ॥'

ਅਖੀਰ ਸਾਹਿਬ ਦੇਵਾਂ, ਜੋ ਪ੍ਰੇਮ-ਮੂਰਤੀ ਬਣੀ ਹੋਈ ਸੀ, ਦੀ ਅਡੋਲਤਾ ਨੇ ਸਭ ਦੇ ਸਿਰ ਝੁਕਾ ਦਿਤੇ। ਸੁਪਨੇ ਦੀ ਅਵਸਥਾ ਅਨੁਸਾਰ ਸਾਹਿਬ ਦੇਵਾਂ ਨੂੰ ਡੋਲੀ ਵਿਚ ਪਾ ਕੇ ਸਾਰੀ ਸੰਗਤ ਸ੍ਰੀ ਅਨੰਦਪੁਰ ਪੁਜ ਗਈ। ਭਾਵੇਂ ਸ੍ਰੀ ਆਸਾ ਦੀ ਵਾਰ ਦਾ ਭੋਗ ਪੈ ਚੁਕਾ ਸੀ, ਪਰ ਗੁਰੂ ਜੀ ਅਜੇ ਦਰਬਾਰ ਵਿਚ ਹੀ ਸਨ। ਡੋਲੀ ਤੰਬੂ ਤੋਂ ਬਾਹਰ ਰਖ ਕੇ ਸੰਗਤ ਸਾਹਮਣੇ ਸਾਰੀ ਵਿਥਿਆ ਗੁਰੂ ਜੀ ਨੂੰ ਸੁਣਾਈ ਗਈ। ਚੋਜੀ ਪਾਤਸ਼ਾਹ ਪਹਿਲਾਂ ਤਾਂ ਸ਼ਾਂਤ ਰਹੇ। ਫਿਰ ਕਿਹਾ ਕਿ ਅਸਾਂ ਦੇਸ਼ ਕੌਮ ਦੇ ਕਲਿਆਣ ਹਿਤ ਬ੍ਰਹਮਚਾਰਯ ਧਾਰ ਲਿਆ ਹੈ। ਦੂਸਰਾ ਅਨੰਦ ਕਾਰਜ ਕਰਾਉਣ ਤੋਂ ਅਸਮਰਥ ਹਾਂ।

ਜਦ ਸਾਰੀ ਵਿਥਿਆ ਸਾਹਿਬ ਦੇਵਾਂ ਨੇ ਸੁਣੀ ਤਾਂ ਉਸ ਖੁਸ਼ੀ ਵਿਚ ਕਿਹਾ ਕਿ ਮੇਰਾ ਸਵਾਮੀ ਮੇਰਾ ਇਮਤਿਹਾਨ ਲੈ ਰਿਹਾ ਹੈ। ਮੈਨੂੰ ਗੁਰੂ ਕੇ ਮਹਿਲਾਂ ਵਿਚ ਲੈ ਚਲੋ। ਸੰਗਤ ਨੇ ਸਾਹਿਬ ਦੇਵਾਂ ਨੂੰ ਗੁਰੂ ਮਹਿਲਾਂ ਵਿਚ ਭੇਜ ਦਿਤਾ। ਜਦ ਸ੍ਰੀ ਦਸਮੇਸ਼ ਜੀ ਆਏ ਤਾਂ ਸਾਹਿਬ-ਦੇਵਾਂ ਚਰਨਾਂ ਤੇ ਢਹਿ ਪਈ। ਬੇਨਤੀ ਕੀਤੀ, 'ਸਵਾਮੀ ਜੀ! ਆਪ ਹੀ ਡੋਲੀ ਵਿਚ ਪਾਕੇ ਲੈ ਆਏ ਸਾਓ; ਹੁਣ ਹੋਰ ਇਮਤਿਹਾਨ ਨਾ ਲਓ। ਦਰ ਢਹਿ ਪਈ ਨੂੰ ਰਖ ਲਓ। ਜਦ ਸ੍ਰੀ ਗੁਰਦੇਵ ਜੀ ਨੇ ਗ੍ਰਿਸਤੀ ਫ਼ਰਜ਼ ਨਿਭਾਉਣ ਤੋਂ ਅਸਮਰਥਾ ਪ੍ਰਗਟ ਕੀਤੀ, ਤਾਂ ਸਾਹਿਬ ਦੇਵਾਂ ਨੇ ਚਰਨਾਂ ਨਾਲ ਲਿਪਟਦੇ ਹੋਏ ਕਿਸੇ ਅਗੰਮੀ ਚਾਉ ਵਿਚ ਕਿਹਾ— ਪ੍ਰਾਣ ਨਾਥ! ਦਰਸ਼ਨ ਕਰਕੇ ਕੋਈ ਇਛਾ ਹੀ ਬਾਕੀ ਨਹੀਂ ਰਹੀ। ਹੁਣ ਤਾਂ ਮੇਲ ਲੈਣ ਵਿਚ ਵਡਿਆਈ ਹੈ।'

ਸ੍ਰੀ ਦਸਮੇਸ਼, ਹਾਂ ਜੀ! ਸ੍ਰੀ ਕਲਗੇਸ਼ ਸਤਿਗੁਰੂ ਨੇ ਮਾਤਾ ਸਾਹਿਬ ਦੇਵਾਂ ਦੇ ਸਿਰ ਤੇ ਹਥ ਰੱਖ ਕੇ ਨਦਰੀ ਨਦਰ ਨਿਹਾਲ ਕਰ ਦਿਤਾ। ਮਾਤਾ ਸਾਹਿਬ ਦੇਵਾਂ ਸਦਾ ਲਈ ਸ੍ਰੀ ਕਲਗੀਧਰ ਜੀ ਦੀ ਹੋ ਗਈ, ਜੋ ਪਿਛੋਂ ਖਾਲਸਾ ਪੰਥ ਦੀ ਮਾਤਾ ਬਣੀ। ਸਭ ਪਾਸੇ ਮਾਤਾ ਜੀ ਦੇ ਸਿਦਕ ਦੀ ਧੰਨ ਧੰਨ ਹੋਣ ਲਗੀ। ਸਾਰੇ ਅਨੰਦਪੁਰ ਸਾਹਿਬ ਵਿਚ ਇਹ ਗੂੰਜ ਸੁਣਾਈ ਦੇਂਦੀ ਸੀ:—

> ਸਾਚੁ ਕਹੋਂ ਸੁਨ ਲੇਹੁ ਸਭੈ,
> ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥



www.AKJ.Org




(ਇਕ ਗੁਰਮਤਿ ਖੋਜੀ ਦੀ ਕਲਮ ਤੋਂ)

ਗੁਰਮਤਿ ਪਾਂਧੀਆਂ ਪ੍ਰਤੀ ਬੇਨਤੀ ਹੈ ਕਿ ਗੁਰਮਤਿ ਸੰਬੰਧੀ ਜੋ ਪ੍ਰਸ਼ਨ ਪੁਛੇ ਜਾਂਦੇ ਹਨ, ਉਹ ਸੰਖੇਪ ਤੇ ਸ਼ੁੱਧ ਬੋਲੀ ਵਿਚ ਹੋਣੇ ਚਾਹੀਦੇ ਹਨ। ਨਾਲ ਹੀ ਜਿੱਥੇ ਪ੍ਰਸ਼ਨ ਕੇਵਲ ਗੁਰਮਤਿ ਸੰਬੰਧੀ ਹੋਣ, ਉੱਥੇ ਸਵਾਲਾਂ ਦੀ ਦੁਹਰਾਈ ਵੀ ਨਾ ਕੀਤੀ ਜਾਵੇ। ਡੂੰਘੀ ਖੋਜ ਵਾਲੇ ਪ੍ਰਸ਼ਨਾਂ ਦੇ ਉਤਰ ਲਈ ਕੁਝ ਚਿਰ ਉਡੀਕ ਕਰਨੀ ਪਵੇਗੀ। ਪ੍ਰਸ਼ਨ ੧੦ ਤਰੀਕ ਤਕ ਪੁਜਣੇ ਜ਼ਰੂਰੀ ਹਨ। —ਐਡੀਟਰ

---

ਪ੍ਰਸ਼ਨ ਪਹਿਲਾ—ਕੀ ਕਲਗੀਧਰ ਜੀ ਨੇ ਅੰਮ੍ਰਿਤ ਛਕਾਉਣ ਵੇਲੇ ਤੰਬੂ ਵਿਚ ਬਕਰੇ ਝਟਕਾਏ ਸਨ ਜਾਂ ਸਿੰਘ (ਇਕ ਗਿਆਨੀ ਜੀ ਵਲੋਂ)

ਉਤਰ—ਇਸ ਪ੍ਰਸ਼ਨ ਦਾ ਪੂਰਾ ਤੇ ਠੀਕ ਉਤਰ ਦੇਣਾ ਬੜੀ ਡੂੰਘੀ ਖੋਜ ਦੀ ਮੰਗ ਕਰਦਾ ਹੈ।

ਏਸ ਵਿਚਾਰ ਸੰਬੰਧੀ ਮੇਰਾ ਇਕ ਟਰੈਕਟ 'ਪੰਜ ਸੀਸ ਕਿ ਪੰਜ ਬਕਰੇ' ਲਿਖਿਆ ਹੋਇਆ ਹੈ, ਜੋ ਅਪ੍ਰੈਲ ਤੋਂ ਕਿਸ਼ਤਾਂ ਦੇ ਰੂਪ ਵਿਚ ਛਪੇਗਾ। ਪਰ ਸੰਖੇਪ ਵਿਚ ਏਥੇ ਏਨਾਂ ਹੀ ਲਿਖਣਾ ਕਾਫੀ ਹੈ ਕਿ ਦਸਮੇਸ਼ ਪਿਤਾ—ਹਾਂ ਜੀ ਮੇਰਾ ਖੜਗੇਸ਼ ਪਿਤਾ! ਕਹਿਣੀ ਤੇ ਕਰਨੀ ਦਾ ਪੂਰਾ ਸਤਿਗੁਰੂ ਸੀ। ਸਟੇਜ ਤੇ ਖੜੇ ਹੋਕੇ ਇਕ ਲੱਖ ਦੀ ਹਾਜ਼ਰੀ ਵਿਚ ਜੇ ਉਨ੍ਹਾਂ ਖਾਲਸਾ ਪੰਥ ਦੀ ਸਾਜਨਾਂ ਲਈ ਅਤੇ ਦੇਸ਼ ਕੌਮ ਦੀ ਕਲਿਆਣ ਲਈ ਪੰਜ ਸਿੰਘਾਂ ਦਾ ਸੀਸ ਮੰਗਿਆ—ਤਾਂ ਉਹਨਾਂ ਖੰਡੇ ਨਾਲ ਝਟਕਾਇਆ ਵੀ ਜ਼ਰੂਰ ਸੀ, ਤੇ ਫਿਰ ਪਿਛਲਾ ਜਨਮ ਮਿਟਾ ਕੇ ਨਵ-ਜਨਮ ਬਖਸ਼ਿਆ ਕਿਉਂਕਿ ਗੁਰਬਾਣੀ ਅਨੁਸਾਰ "ਸਤਿਗੁਰੁ ਮੇਰਾ ਮਾਰਿ ਜੀਵਾਲੈ" ਦੀ ਸਮਰਥਾ ਰਖਦਾ ਹੈ।

ਪ੍ਰਸ਼ਨ ਦੂਜਾ—ਗੁਰਮਤਿ ਵਿਚ ਸਵਾਏ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਨੂੰ ਦੇਹਧਾਰੀ ਗੁਰੂ ਮੰਨਣ ਦੀ ਮਨਾਹੀ ਹੈ। ਗੁਰੂ ਨਾਨਕ ਦੇਵ ਜੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੋਟੋ ਰਖਕੇ ਪੂਜਾ ਕਰਨੀ ਵੀ ਇਕ ਤਰ੍ਹਾਂ ਦੀ ਬੁਤ ਪੂਜਾ ਹੈ। ਪਰ ਜੋ ਗੁਰੂ ਚਰਨਾਂ ਨੂੰ ਹਿਰਦੇ ਵਿਚ ਵਸਾਉਣ ਬਾਰੇ ਪ੍ਰੇਰਨਾ ਹੈ। ਉਸ ਵੇਲੇ ਅੱਖਾਂ ਬੰਦ ਕਰ ਕੇ ਕਿਸ ਚੀਜ਼ ਦਾ ਧਿਆਨ ਧਰਿਆ ਜਾਵੇ।

(ਬੀਬੀ ਸਤਵੰਤ ਕੌਰ ਡੇਹਰਾਦੂਨ)

ਉਤਰ—ਗੁਰਮੁਖ ਭੈਣ! ਤੁਸੀਂ ਭਾਗਾਂ ਵਾਲੇ ਹੋ, ਜਿਨ੍ਹਾਂ ਦਾ ਮਨ-ਜਿਨ੍ਹਾਂ ਦੀ ਸੁਰਤੀ ਕਿਸੇ ਚੀਜ਼ ਵਿਚ ਸਮਾ ਜਾਣ ਲਈ ਲੋਚ ਰਹੀ ਹੈ।

ਅੱਖਾਂ ਬੰਦ ਕਰਕੇ ਕਿਸ ਚੀਜ਼ ਦਾ ਧਿਆਨ


www.AKJ.org

ਧਰਿਆ ਜਾਏ ਅਤੇ ਗੁਰੂ ਚਰਨਾਂ ਨੂੰ ਹਿਰਦੇ ਵਿਚ ਕਿਵੇਂ ਵਸਾਇਆ ਜਾਏ—ਇਸ ਮਾਨਸਿਕ ਅਵਸਥਾ ਦੀ ਤਸੱਲੀ ਕੇਵਲ ਸ਼ਬਦਾਂ ਰਾਹੀਂ ਜਾਂ ਕਹਿਣ-ਕਥਨ ਰਾਹੀਂ ਪੂਰੀ ਤਰ੍ਹਾਂ ਨਹੀਂ ਹੋ ਸਕਦੀ। ਸਮੂੰਹ ਭਾਰਤ ਵਿਚ ਵੱਖ ਵੱਖ ਸਮੇਂ ਵੱਖ ਵੱਖ ਥਾਵਾਂ ਤੇ ਅਖੰਡ ਕੀਰਤਨ ਹੁੰਦੇ ਰਹਿੰਦੇ ਹਨ। ਇਨ੍ਹਾਂ ਕੀਰਤਨਾਂ ਦੀ ਹਾਜ਼ਰੀ ਭਰੋ। ਉਥੇ ਤੁਹਾਨੂੰ ਕਈ ਹੌਸਲੇ ਗੁਰਮੁਖ ਜਨ ਨਿਰਭਉ ਤਾੜੀਆਂ ਲਾਈ ਦਿਸਣਗੇ। ਉਥੇ ਤੁਹਾਨੂੰ ਕੁਝ ਸੁਆਦ ਆਵੇਗਾ। ਫਿਰ ਸਰੀਰ ਰੂਪੀ ਧਰਤੀ ਸਾਧ ਕੇ—ਛਕਣ-ਛਕਾਉਣ ਦੀ ਬਿਬੇਕ ਰਾਹੀਂ ਅੰਦਰੋਂ ਬਾਹਰੋਂ ਸੰਤੋਖੀ ਤੇ ਨਿਰਮਲ ਬਣਨ ਦਾ ਉਪਾ ਕਰੋ। ਤੇ ਫਿਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ-ਛਕ ਕੇ ਨਾਮ ਦ੍ਰਿੜ ਕਰਵਾਓ ਅੰਮ੍ਰਿਤ ਛਕਣ ਸਾਰ ਨਾਮ ਜਪਣ ਵਿਚ ਜੁਟੇ ਰਹੋ-ਭਾਵੇਂ ਸੰਸਾਰਕ ਕਾਰ-ਵਿਹਾਰ ਕਰੀ ਜਾਣਾ ਹੈ-ਪਰ ਸਰੀਰਕ ਇੰਦਰੀਆਂ (ਨੌ ਦਰਵਾਜੇ)ਦੀ ਬਿਬੇਕਤਾ ਤੇ ਸੰਜਮ ਰਾਹੀਂ ਇਸ ਭਾਗਾਂ ਵਾਲੇ ਸਰੀਰ ਨੂੰ ਹਰੀ ਮੰਦਰ ਬਣਾਉਣ ਦੇ ਆਹਰ ਵਿਚ ਰਹੋ। ਹੌਲੀ ਹੌਲੀ ਸ਼ਬਦ ਤੇ ਸੁਰਤ ਦਾ ਮੇਲ ਗੁਰੂ ਕ੍ਰਿਪਾ ਰਾਹੀਂ ਆਪੇ ਹੋ ਜਾਵੇਗਾ। ਭਾਈ ਸਾਹਿਬ ਦੀ ਪੁਸਤਕ 'ਚਰਨ ਕਮਲ ਦੀ ਮੌਜ' ਆਪ ਨੂੰ ਯੋਗ ਅਗਵਾਈ ਦੇਵੇਗੀ। ਪਰ ਚੇਤੇ ਰਖਣਾਂ ਇਸ ਅਗੰਮੀ ਖੇਡ ਵਿਚ 'ਰੰਗੁ ਲਾਗਤਿ ਲਾਗਤਿ ਲਾਗਤਿ ਹੈ ॥'

ਪ੍ਰਸ਼ਨ ਤੀਜਾ—ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੇ ਬਾਰੇ ਕਿਵੇਂ ਪਤਾ ਲਗਾ, ਕਿ ਏਹੋਂ ਹੀ ਨਾਵੇਂ ਗੁਰੂ ਹਨ, ਜਦੋਂ ਕਿ ਗੁਰੂ ਹਰਿ ਕ੍ਰਿਸ਼ਨ ਜੀ ਖੁਦ ਕਿਸੇ ਨੂੰ ਗਦੀ ਨਹੀਂ ਦੇ ਗਏ ?

(ਹਰਦੇਵ ਸਿੰਘ ਵਿਰਦੀ ਹੋਸ਼ਿਆਰਪੁਰ)

ਉਤਰ—ਸਿਖ-ਇਤਿਹਾਸ ਦੀ ਖੋਜ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਸ਼ਹਿਰ ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਕਿਹਾ ਸੀ ਕਿ—ਨੌਵਾਂ ਗੁਰੂ 'ਬਾਬਾ ਬਕਾਲੇ' ਹੋਵੇਗਾ। ਸਿਖ ਸੰਗਤਾਂ ਨੇ ਬਾਬੇ ਬਕਾਲੇ ਆਕੇ ਸੱਚਾ ਗੁਰੂ ਲਭਣਾ ਸ਼ੁਰੂ ਕੀਤਾ। ਭਾਵੇਂ ਕਈ ਪਖੰਡੀ ਗੁਰੂ ਬਣ ਬੈਠੇ, ਪਰ ਭਾਈ ਮਖੱਣ ਸ਼ਾਹ ਲੁਬਾਣਾ ਦੀ ਘਾਲ ਥਾਏ ਪਈ। ਅੰਤਰਜਾਮੀ ਗੁਰੂ ਨੇ ਉਸ ਦੇ ਦਿਲ ਦੀ ਬੁਝ ਲਈ ਅਤੇ ਉਹ ਸਿਖ "ਗੁਰੂ ਲਾਧੋ ਰੇ", ਦਾ ਢੰਡੋਰਾ ਪਿਟਣ ਲਗਾ। ਇਉਂ ਨੌਵੀਂ ਜੋਤ ਪ੍ਰਗਟ ਹੋਈ।

ਪ੍ਰਸ਼ਨ ਚੌਥਾ—ਗੁਰਬਾਣੀ ਵਿਚ ਥਾਂ ਥਾਂ ਤੇ ਕਲਜੁਗ ਨੂੰ ਬਾਕੀ ਜੁਗਾਂ ਨਾਲੋਂ ਘਟੀਆ ਮੰਨਿਆ ਗਿਆ ਹੈ। ਇਹ ਕਿਉਂ ?

(ਭਾਈ ਅਜੀਤ ਸਿੰਘ)

ਉਤਰ :—ਭਾਵੇਂ ਗੁਰਬਾਣੀ ਵਿਚ ਥਾਂ ਥਾਂ ਤੇ ਕਲਜੁਗੀ ਅੱਗ ਤੋਂ ਬਚਣ ਦਾ ਸੁਨੇਹਾ ਦਿਤਾ ਹੈ—ਪਰ ਕਲਜੁਗ ਨੂੰ ਬਾਕੀ ਜੁਗਾਂ ਨਾਲੋਂ ਘਟੀਆ ਨਹੀਂ ਮੰਨਿਆ ਗਿਆ। ਸਗੋਂ ਸਾਰੀ ਬਾਣੀ ਵਿਚ ਅਤੇ ਦਸਮੇਸ਼ ਪਿਤਾ ਜੀ ਦੀ ਬਾਣੀ ਵਿਚ ਹੋਰ ਜੁਗਾਂ ਦੇ ਰਿਸ਼ੀਆਂ ਮੁਨੀਆਂ ਤੇ ਅਵਤਾਰਾਂ ਨੂੰ ਅਧੂਰੇ ਦਸਿਆ ਹੈ ਕਿਉਂਕਿ ਉਹ ਇਕ ਪ੍ਰਮੇਸ਼ਰ ਨੂੰ ਭੁਲਾ ਕੇ ਆਪਣਾ ਹੀ ਨਾਮ ਜਪਾਉਣ ਲਗ ਪਏ। ਇਉਂ ਉਹ ਆਪ ਵੀ ਕੁਰਾਹੇ ਪਏ ਰਹੇ ਤੇ ਦੁਨੀਆਂ ਨੂੰ ਵੀ ਕੁਰਾਹੇ ਪਾਈ ਰਖਿਆ।

ਅਸੀਂ ਕਲਜੁਗ ਦੇ ਜੀਵ ਭਾਗਾਂ ਵਾਲੇ ਹਾਂ, ਜਿਨਾਂ ਨੂੰ ਗੁਰੂ ਨਾਨਕ ਦਸਮੇਸ਼ ਪਿਤਾ ਜੀ ਨੇ


www.AKJ.Org

ਬਾਣੀ ਰਾਹੀਂ ਮੁਕਤੀ ਦਾ ਸਹਿਲ ਤੇ ਸੌਖਾ ਤ੍ਰੀਕਾ ਅਮਲੀ ਜੀਵਨ ਰਾਹੀਂ ਦਸਿਆ ਹੈ। ਪਰ 'ਸਭਦੂ ਵੱਡੇ ਭਾਗ ਗੁਰਸਿਖਾਂ ਦੇ' ਹਨ, ਜੋ ਮਨ ਬਚਨ ਕਰਮ ਕਰਕੇ ਸਾਰੀ ਉਮਰ ਗੁਰੂ ਦੇ ਬਣੇ ਰਹਿੰਦੇ ਹਨ। ਮਾਇਆ ਵਿਚ ਉਦਾਸ ਰਹਿੰਦੇ ਹੋਏ ਨਾਮ ਰਸ ਦੇ ਘੁੱਟ ਪੀਂਦੇ ਹਨ।

ਪ੍ਰਸ਼ਨ ਪੰਜਵਾਂ—ਮੈਂ ਪੰਜ-ਪਿਆਰਿਆਂ ਦੇ ਹੁਕਮ ਮੁਤਾਬਕ ਅੰਮ੍ਰਿਤ ਪੀਣ ਪਿਛੋਂ ਕੋਈ ਪਤਿਤ ਕਰਮ ਨਹੀਂ ਕੀਤਾ। ਰਹਿਤਾਂ ਵੀ ਰਖਦੀ ਹਾਂ ਪਰ ਭਾਣੇ ਅੰਦਰ ਮੇਰੀ ਖਬੀ ਬਰੈਸਟ ਦੀ ਹੱਡੀ ਵਧਣ ਕਾਰਨ ਮੇਰਾ ਵੱਡਾ ਅਪ੍ਰੇਸ਼ਨ ਪਟਿਆਲੇ ਵਿਚ ਹੋਇਆ। ਹਸਪਤਾਲ ਦੀ ਕੋਈ ਚੀਜ਼ ਨਹੀਂ ਵਰਤੀ। ਕੀ ਮੈਨੂੰ ਮੁੜ ਅੰਮ੍ਰਿਤ ਪਾਨ ਕਰਨਾ ਚਾਹੀਦਾ ਹੈ? (ਬੀਬੀ ਹਰਬੰਸ ਕੌਰ ਗਿਆਨੀ ਗੁਨਿਆਣਾ ਮੰਡੀ)

ਉਤਰ:—ਪੂਰੀ ਤਰ੍ਹਾਂ ਰਾਜ਼ੀ ਹੋਣ ਪਿਛੋਂ ਮੁੜ ਪੰਜ ਪਿਆਰਿਆਂ ਦੇ ਪੇਸ਼ ਹੋਣਾ ਜ਼ਰੂਰੀ ਹੈ। ਫਿਰ ਅੰਮ੍ਰਿਤ ਛਕਾਉਣ ਜਾਂ ਕੇਵਲ ਚੁਲਾ ਦੇ ਕੇ ਨਾਮ ਦ੍ਰਿੜ ਕਰਾਉਣ ਦਾ ਫੈਸਲਾ ਤਾਂ ਪੰਜ ਪਿਆਰੇ ਗੁਰੂ ਰੂਪ ਹੀ ਕਰ ਸਕਦੇ ਹਨ। ਪਰ ਕਿਉਂਕਿ ਅਪ੍ਰੇਸ਼ਨ ਵੇਲੇ ਰੋਮ ਕਟ ਹੋ ਜਾਂਦੇ ਹਨ। ਇਸ ਲਈ ਗੁਰਦੇਵ ਜੀ ਤੋਂ ਬਖਸ਼ੇ ਜਾਣਾ ਹੀ ਸੁਹੇਲਾ ਹੈ।

ਪ੍ਰਸ਼ਨ ਛੇਵਾਂ:—ਸਿਖਾਂ ਲਈ ਮਾਸ ਖਾਣਾ ਜਾਇਜ ਹੈ ਜਾਂ ਨਾਜਾਇਜ਼। ਵਿਸਥਾਰ ਪੂਰਬਕ ਉਤਰ ਦੇਣ ਦੀ ਕਿਰਪਾਲਤਾ ਕਰਨੀ।

(ਇਕ ਪਾਠਕ ਜਲੰਧਰ ਤੋਂ)

ਉਤਰ:—ਇਸ ਦਾ ਵਿਸਥਾਰ ਪੂਰਬਕ ਉਤਰ ਜਾਨਣ ਲਈ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੁਸਤਕ "ਝੱਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਾ" ਪੜਨੀ ਪਵੇਗੀ ਪਰ ਇਥੇ ਏਨਾਂ ਹੀ ਦਸਣਾ ਕਾਫੀ ਹੈ ਕਿ ਜੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਖ ਹੋ, ਤਾਂ ਆਪ ਨੂੰ ਕੋਈ ਝਟਕਾ ਮਾਸ ਨਹੀਂ ਖਾਣਾ ਚਾਹੀਦਾ, ਕਿਉਂਕਿ ਗੁਰੂ ਜੀ ਨੇ ਗੁਰਸਿਖਾਂ ਦੇ ਖਾਣ ਭੁੰਚਣ ਲਈ ਅੰਮ੍ਰਿਤ ਮਈ ਨਾਮ ਬਖ਼ਸ਼ਿਆ ਹੈ, ਕੜਾਹ ਪ੍ਰਸ਼ਾਦ ਬਖਸ਼ਿਆ ਹੈ ਅਤੇ ਹੋਰ ਦੁਨੀਆਂ ਦੇ ਅਨੇਕਾਂ ਬ੍ਰਿਬੇਕੀ ਗੁਣਾਂ ਵਾਲੇ ਪਦਾਰਥ ਬਖਸ਼ੇ ਹਨ। ਹਾਂ, ਜੇ ਆਪ ਕਿਸੇ ਸੰਤ ਦੇ ਸਿਖ ਹੋ, ਕਮੇਟੀ ਜਾਂ ਸੰਸਥਾ ਦੇ ਸਿਖ ਹੋ, ਤਾਂ ਭਾਵੇਂ ਕੁੱਠਾ ਹੀ ਖਾਈ ਜਾਉ, ਜੋ ਝਟਕੇ ਦੇ ਹੀ ਨਾ ਤੇ ਸ਼ਹਿਰਾਂ ਪਿੰਡਾਂ ਵਿਚ ਵਿਕ ਰਿਹਾ ਹੈ।

ਪ੍ਰਸ਼ਨ ਸਤਵਾਂ—ਗੁਰਮਤਿ ਸਾਹਿਤ ਤੋਂ ਕੀ ਭਾਵ ਹੈ?

ਉਤਰ—ਮੁਖ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਗੁਰਮਤਿ ਸਾਹਿਤ ਹੈ। ਪਰ ਹੋਰ ਬਾਣੀਆਂ ਜਿਵੇਂ ਸ੍ਰੀ ਦਸਮੇਸ਼ ਪਿਤਾ ਜੀ ਦੀ ਬਾਣੀ, ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਾਣੀ, ਅਤੇ ਹੋਰ ਸਾਹਿਤ ਜੋ ਗੁਰਮਤਿ ਦੇ ਬੇਸਿਕ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ, ਗੁਰਮਤਿ ਸਾਹਿਤ ਅਖਵਾਉਂਦਾ ਹੈ।

ਪ੍ਰਸ਼ਨ ਅੱਠਵਾਂ—ਰਾਗ ਮਾਲਾ ਕਿਹੜੇ ਗੁਰੂ ਮਹਾਰਾਜ ਦੀ ਉਚਾਰਨ ਕੀਤੀ ਹੋਈ ਹੈ?

(ਭਾਈ ਹਰਦੇਵ ਸਿੰਘ ਵਿਰਦੀ)

ਉਤਰ:—ਰਾਗਮਾਲਾ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੀ ਮੋਹਰ ਨਹੀਂ। ਇਸ ਲਈ ਇਸ ਨੂੰ ਕਿਸੀ ਗੁਰੂ ਵਿਅਕਤੀ ਦੇ ਨਾਲ ਜੋੜਿਆ ਨਹੀਂ ਜਾ ਸਕਦਾ। ਜੇ ਆਪ ਸਮੁਚੀ ਬਾਣੀ ਨੂੰ ‡


www.AKJ.Org

ਕਿਸ਼ਤ ਨੰ: ੨

# ਅੰਮ੍ਰਿਤ ਵੇਲਾ

(ਡਾਕਟਰ ਤੇਜਿੰਦਰ ਸਿੰਘ ਜੀ ਭੂਪਾਲ)

ਸ਼ਬਦ 'ਅੰਮ੍ਰਿਤ ਵੇਲਾ' ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਰਚੇ ਹੋਏ ਹਨ। ਪਹਿਲੇ ਭਾਰਤ ਦੇ ਸਾਹਿਤ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਨਹੀਂ ਆਈ ਜਾਪਦੀ। ਅੰਮ੍ਰਿਤ ਸੂਚਕ ਹੈ ਉਸ ਵਕਤ ਦਾ ਜੋ ਅਮਰ ਹੋਣ ਵਿਚ, ਅਥਵਾ ਅੰਮ੍ਰਿਤ ਦੀ ਦਾਤ ਵਾਹਿਗੁਰੂ ਜੀ ਤੋਂ ਪ੍ਰਾਪਤ ਕਰਨ ਵਿਚ ਸਹਾਇਕ ਹੋਵੇ। ਨਾਮ ਵਿਚ ਧਿਆਨ ਜੋੜਨ ਲਈ, ਸਮਾਧੀ ਲਾਉਣ ਲਈ, ਭਗਤੀ ਕਰਨ ਲਈ, ਸੁਰਤ ਵਿਚ ਇਕਾਗਰਤਾ ਲਿਆਉਣ ਲਈ, ਮਨ ਦੀ ਚੰਚਲਤਾ ਹਰਨ ਲਈ ਲਿਵ ਵਿਚ ਪਰਵੇਸ਼ ਕਰਨ ਲਈ, ਜਪ ਤੋਂ ਸਿਮਰਨ ਵਿਚ ਅਪੜਨ

---

‡ਵਿਚਾਰ ਕੇ ਇਸ ਰਾਗਮਾਲਾ ਨਾਲ ਤੁਲਨਾਂ ਕਰੋ; ਤਾਂ ਤੁਹਾਡਾ ਮਨ ਆਪਣੇ ਆਪ ਮਨ ਜਾਵੇਗਾ।

ਪ੍ਰਸ਼ਨ ਨੌਵਾਂ:—ਕਈ ਪ੍ਰੇਮੀ ਦਸਵੰਧ ਵਿਚੋਂ ਖਰਚ ਕਰਕੇ ਕੀਰਤਨ ਸਮਾਗਮ ਤੇ ਪੁਜਦੇ ਹਨ। ਕੀ ਇਹ ਠੀਕ ਹੈ ?

(ਭਾਈ ਮਾਨ ਸਿੰਘ ਮਥਰਾ)

ਉਤਰ—ਜੇ ਪਰਵਾਰ ਦੀ ਪਾਲਣਾ ਲਈ ਆਮਦਨ ਗੁਜ਼ਾਰੇ ਜੋਗੀ ਹੋਵੇ ਤਾਂ ਦਸਵੰਧ ਵਿਚੋਂ ਮਾਇਆ ਖਰਚ ਕਰਕੇ ਸਾਲ ਵਿਚ ਦੋ ਚਾਰ ਵਾਰੀ ਕੀਰਤਨ-ਸਮਾਗਮਾਂ ਦੇ ਲਾਹੇ ਲੈ ਸਕਣਾ ਯੋਗ ਹੀ ਹੈ। ਪਰ ਜੇ ਦਸਵੰਧ ਦੀ ਮਾਇਆ ਖਰਚ ਕਰਕੇ ਕੀਰਤਨ-ਸਮਾਗਮਾਂ ਦੇ ਬਹਾਨੇ ਹੋਰ ਮਾਇਕ ਕਾਰ-ਵਿਹਾਰ ਹੀ ਕਰੀ ਜਾਈਏ, ਜਾਂ ਪਰਸ਼ਾਦੇ ਛਕ ਕੇ ਕੀਰਤਨ ਵਿਚ ਬਹੁਤਾ ਚਿਰ ਸੁਤੇ ਹੀ ਰਹੀਏ—ਤਾਂ ਮਾਇਆ ਦੀ ਫੋਕਟ ਵਰਤੋਂ ਹੀ ਹੈ।

ਪ੍ਰਸ਼ਨ ਦਸਵਾਂ—ਸੂਰਜ ਪਰਕਾਸ਼ ਵਿਚ ਇਕ ਥਾਂ ਲਿਖਿਆ ਹੈ, ਕਿ ਗੁਰੂ ਕੇ ਲੰਗਰ ਵਿਚ ਮਾਸ ਬਣਦਾ ਹੁੰਦਾ ਸੀ। ਤੁਹਾਡਾ ਕੀ ਵਿਚਾਰ ਹੈ।

(ਨਰਿੰਦਰ ਸਿੰਘ ਸਰਹੰਦੀ, ਜਲੰਧਰ)

ਉਤਰ—ਸਾਨੂੰ ਸਾਰਾ ਸਿਖ-ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਾਈਟ ਵਿਚ ਪੜ੍ਹਨਾਂ ਚਾਹੀਦਾ ਹੈ। ਜੋ ਇਤਿਹਾਸ ਇਸ ਕਸੋਟੀ ਤੇ ਪੂਰਾ ਨਹੀਂ ਉਤਰਦਾ, ਉਹ ਅਸ਼ੁਧ ਤੇ ਰਲੇ ਵਾਲਾ ਹੈ। ਭਾਈ ਗੁਰਦਾਸ ਜੀ ਦੀ ਬਾਣੀ ਵਿਚ ਇਕ ਥਾਂ ਮਹਾਂ-ਪਰਸ਼ਾਦ ਦਾ ਜ਼ਿਕਰ ਆਉਂਦਾ ਹੈ। ਜਿਸ ਨੂੰ ਕਈ ਲੋਕ ਝਟਕਾ ਹੀ ਮੰਨਦੇ ਹਨ। ਪਰ ਨਾਮ ਰਸੀਏ ਗੁਰਸਿਖਾਂ ਲਈ ਬਿਬੇਕੀ ਕੜਾਹ-ਪ੍ਰਸ਼ਾਦ ਹੀ ਮਹਾਂ ਪ੍ਰਸ਼ਾਦ ਹੈ।

——



www.AKJ.Org

ਲਈ ਤੇ ਸਤਿ ਪੁਰਖ ਵਿਚ ਸਮਾਉਣ ਲਈ, ਅੰਮ੍ਰਿਤ ਵੇਲਾ ਨਾ ਸਿਰਫ ਸਹਾਇਕ ਹੀ ਹੈ ਸਗਵਾਂ ਅਵੱਸ਼ਕ ਹੈ।

ਇਹ ਵੇਲਾ ਹੈ, ਵਕਤ ਨਹੀਂ। ਵਕਤ ਘੜੀ ਦਾ ਹੁੰਦਾ ਹੈ ਜੋ ਘੰਟੇ ਮਿੰਟ ਤੇ ਸਕਿੰਟਾਂ ਵਿਚ ਦਸਿਆ ਜਾਂਦਾ ਹੈ। ਵੇਲਾ ਉਸ ਕਾਲ ਜਾਂ ਸਮੇਂ ਨੂੰ ਆਖੀਦਾ ਹੈ ਜੋ ਸੂਰਜ ਡੁਬਣ ਤੇ ਚੜ੍ਹਨ (ਜਾਂ ਕਿਸੇ ਕਰਮ ਅਥਵਾ ਚੀਜ਼ ਆਦਿ) ਨਾਲ ਸਬੰਧ ਰਖਦਾ ਹੈ। ਸ਼ਬਦ ਪ੍ਰਭਾਤ, ਪ੍ਰਾਤਾ ਕਾਲ, ਭਲਕ, ਤੜਕਾ, ਸੁਬਹ, ਸਵੇਰਾ ਸਭ ਅੰਮ੍ਰਿਤ ਵੇਲੇ ਦੇ ਹੀ ਸੂਚਕ ਹਨ। ਇਸੇਤਰ੍ਹਾਂ ਸੰਝ, ਤ੍ਰਕਾਲਾਂ, ਲੌਢਾ ਵੇਲਾ, ਸੰਧਯਾ ਤੇ ਆਥਣ, ਸ਼ਾਮਾਂ ਦੇ ਸੂਚਕ ਹਨ, ਜਦ ਦੋ ਵਕਤ ਮਿਲਦੇ ਹਨ, ਦਿਨ ਤੇ ਰਾਤ ਦੇ। ਇਸੇਤਰਾਂ ਕਈ ਹੋਰ ਸ਼ਬਦ ਵੇਲੇ ਅਨੁਸਾਰ ਬਣ ਗਏ ਹਨ, ਜਿਵੇਂ ਛਾਹ ਵੇਲਾ (ਚਾਹ ਵੇਲਾ) ਰੋਟੀ ਵੇਲਾ ਆਦਿ।

ਅੰਮ੍ਰਿਤ ਵੇਲਾ ਕਿਉਂਕਿ ਰਾਤ ਦੇ ਪਿਛਲੇ ਹਿੱਸੇ ਆਖਦੇ ਹਨ, ਇਸ ਲਈ ਇਸ ਨੂੰ 'ਪਿਛਲੀ ਰਾਤ' ਵੀ ਆਖਦੇ ਹਨ ਜਿਵੇਂ:—

(੧) ਪਿਛਹੁ ਰਾਤੀ ਸਦੜਾ ਨਾਮੁ ਖ਼ਸਮ ਕਾ ਲੇਹਿ॥

(੨) ਫਰੀਦਾ ਪਿਛਲ ਰਾਤ ਨ ਜਾਗਿਓ ਜੀਵਦੜੋ ਮੁਇਓਹਿ॥

ਪਰ ਕਿਉਂਕਿ ਇਹ ਦਿਨ ਦੇ ਨਾਲ ਲਗਦੇ ਸਮੇਂ ਦਾ ਸੂਚਕ ਹੈ ਇਸ ਲਈ ਇਸ ਨੂੰ ਸਵੇਰਾ, ਸੁਬਾਹ, ਭਲਕ, ਪ੍ਰਭਾਤ ਆਦਿ ਸ਼ਬਦਾਂ ਵਿਚ ਭੀ ਵਰਣਨ ਕੀਤਾ ਗਿਆ ਹੈ। ਸੋ ਇਹ ਵੇਲਾ ਦੋਵੇਂ ਰਾਤ ਤੇ ਦਿਨ ਦੇ ਅਰਥਾਂ ਵਿਚ (in terms of) ਵਰਤਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਵੇਲੇ ਨੂੰ ਰਾਤ ਤੇ ਦਿਨ ਦੇ ਅਰਥਾਂ ਤੋਂ ਇਲਾਵਾ, 'ਅੰਮ੍ਰਿਤ' ਦੇ ਅਰਥਾਂ ਵਿਚ ਵਰਤਿਆ ਹੈ ਤੇ ਇਸ ਦਾ ਨਾਮ 'ਅੰਮ੍ਰਿਤ ਵੇਲਾ' ਰਖਿਆ ਹੈ।

ਅੰਮ੍ਰਿਤ ਵੇਲਾ ਪੂਰੇ ਤਿੰਨ ਘੰਟੇ, ਅਥਵਾ ਇਕ ਪਹਿਰ ਦਾ ਹੁੰਦਾ ਹੈ। ਸਮੇਂ ਦੇ ਹਿਸਿਆਂ ਦਾ ਵੇਰਵਾ ਇਸ ਪ੍ਰਕਾਰ ਹੈ:—

ਇਕ ਵੇਰ ਅੱਖ ਖੋਹਲਣ ਮੀਟਨ ਦਾ ਸਮਾਂ = ਇਕ ਨਿਮਖ

੧੫ ਨਿਮਖ = ਇਕ ਵਿਸਾ।

੧੫ ਵਿਸੇ = ਇਕ ਚਸਾ।

੩੦ ਚਸੇ = ੧ ਪਲ।

੬੦ ਪਲ = ਇਕ ਘੜੀ।

ਸਾਢੇ ੭ ਘੜੀ ਯਾ ੩ ਘੰਟੇ = ਇਕ ਪਹਿਰ।

੮ ਪਹਿਰ = ਇਕ ਦਿਨ ਰਾਤ ੨੪ ਘੰਟੇ।

ਸੋ ਦਿਨ ਦੇ ਅਰਥਾਂ ਵਿਚ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲੇ ਦੇ ਸਮੇਂ ਨੂੰ, ਤੇ ਰਾਤ ਦੇ ਅਰਥਾਂ ਵਿਚ, ਰਾਤ ਦੇ ਪਿਛਲੇ ਤਿੰਨ ਘੰਟੇ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਆਖੀਦਾ ਹੈ, ਇਸ ਦਾ ਵਕਤ ਕੁਦਰਤੀ ਤੌਰ ਤੇ ਮੌਸਮ ਤੇ ਦੇਸ਼ ਨਾਲ ਬਦਲਦਾ ਹੀ ਰਹੇਗਾ। ਪਰ ਵੇਲਾ ਹਰ ਹਾਲਤ ਵਿਚ ਅੰਮ੍ਰਿਤ ਹੀ ਹੋਵੇਗਾ।

## ਅੰਮ੍ਰਿਤ ਵੇਲੇ ਦੇ ਅਰਥਾਂ ਤੇ ਦੀਰਘ ਵਿਚਾਰ

ਉਪਰ ਲਿਖੀ ਵੀਚਾਰ ਮਨੋਘੜਤ ਨਹੀਂ; ਗੁਰਬਾਣੀ ਅਨੁਸਾਰ ਹੈ, ਗੁਰੂ ਸਾਹਿਬਾਨ ਦੀਆਂ ਜੀਵਨ ਲੀਹਾਂ ਤੇ ਨਿਰਭਰ ਹੈ ਤੇ ਸਿਖ ਰਹਿਤ ਮਰਿਯਾਦਾ ਦੇ ਅਨੁਸਾਰ ਹੈ। ਵਖੋ ਵਖ ਦ੍ਰਿਸ਼ਟੀ ਕੋਣਾਂ ਤੋਂ ਵਿਚਾਰ ਹੇਠ ਲਿਖੀ ਹੈ:—


www.AKJ.Org

ਗੁਰੂ ਸਾਹਿਬ ਜੀ ਨੇ ਸ਼ਾਇਦ ਕੋਈ synonym (ਸਮ ਅਰਥਕ ਸ਼ਬਦ) ਨਹੀਂ ਛਡਿਆ ਜੋ ਇਸ ਸਮੇਂ ਦੀ ਪਛਾਣ ਕਰਾਏ ਤੇ ਵਰਤਿਆ ਨਾ ਹੋਵੇ। ਸੋ ਜੇ ਸਹੀ ਤਰੀਕੇ ਤੇ ਤਕਿਆ ਜਾਵੇ ਤਾਂ ਅਰਥਾਂ ਦਾ ਭੁਲੇਖਾ ਨਹੀਂ ਪੈਣਾ ਚਾਹੀਦਾ। ਇਨ੍ਹਾਂ ਸ਼ਬਦਾਂ ਦੇ ਅਰਥ ਉਹੋ ਲੈਣੇ ਚਾਹੀਦੇ ਹਨ ਜੋ ਉਸ ਸਮੇਂ ਦੀ ਆਮ ਬੋਲੀ ਵਿਚ ਪ੍ਰਚਲਤ ਸਨ।

ਦੂਸਰਾ ਤਰੀਕਾ ਅਰਥ ਲੱਭਣ ਦਾ ਇਹ ਹੈ ਕਿ ਜੋ ਰਹਿਣੀ ਬਹਿਣੀ ਇਨ੍ਹਾਂ ਹੁਕਮਾਂ ਨੂੰ ਮੁਖ ਰਖਕੇ ਢਲੀ, ਉਹ ਇਨ੍ਹਾਂ ਹੁਕਮਾਂ ਦੇ ਸ਼ਬਦਾਂ ਦੇ ਅਰਥ ਮੂੰਹੋਂ ਬੋਲਦੀ ਹੈ। ਖਾਲਸੇ ਦੀ ਰਹਿਤ ਬਹਿਤ ਜੋ ਗੁਰੂ ਸਾਹਿਬ ਜੀ ਦੇ ਆਪਣੇ ਜੀਵਨ ਤੋਂ ਲਈ ਗਈ, ਤੇ ਸਰਬਤ ਖਾਲਸੇ ਦੀ ਵਰਤੋਂ ਵਿਚ ਆਈ, ਉਸ ਦੇ ਅਨੁਸਾਰ ਪ੍ਰਭਾਤ, ਭਲਕ, ਆਦਿ ਰਾਤ ਦੇ ਪਿਛਲੇ ਪਹਿਰ ਨੂੰ ਹੀ ਆਖਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜੋ ਵੇਲਾ ਵਕਤ ਕਿਵਾੜ ਖੁਲਣ ਦਾ, ਕੀਰਤਨ ਆਰੰਭ ਹੋਣ ਦਾ ਆਦਿ ਚਲ ਰਿਹਾ ਹੈ, ਉਹ ਗੁਰੂ ਮਹਾਰਾਜ ਦਾ ਆਪਣਾ ਚਲਾਇਆ ਹੋਇਆ, ਹੁਣ ਤਕ ਤੁਰੀ ਆ ਰਿਹਾ ਹੈ।

ਤੀਸਰਾ ਤਰੀਕਾ ਹੈ ਅਰਥ ਲੱਭਣ ਦਾ ਕਿ ਗੁਰਬਾਣੀ ਦੇ ਵੱਡੇ-ਵੱਡੇ ਟੀਕਾਕਾਰਾਂ ਨੂੰ ਪੁਛੀਏ :—

ਭਾਈ-ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਤਰ੍ਹਾਂ ਅਰਥ ਕੀਤੇ ਹਨ :—

ਅੰਮ੍ਰਿਤ ਵੇਲਾ—ਉਹ ਸਮਾਂ ਜੋ ਅੰਮ੍ਰਿਤ ਤੁਲ ਰਸ-ਦਾਇਕ ਤੇ ਅਮਰ ਪਦਵੀ ਵਲ ਲੈ ਜਾਣ ਲਈ ਉਪਯੋਗੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ। (ਸਫ਼ਾ ੧੪ ਪੰਜ ਗ੍ਰੰਥੀ ਸਟੀਕ)

ਭਾਈ ਨਰੈਣ ਸਿੰਘ ਜੀ ਗਿਆਨੀ ਨੇ ਇਸ ਤਰ੍ਹਾਂ ਅਰਥ ਕੀਤੇ ਹਨ:—

ਅੰਮ੍ਰਿਤ ਵੇਲਾ—ਪਹਿਰ ਰਾਤ ਦਾ ਤੜਕਾ (ਦੇਖੋ ਵਾਰਾਂ ਭਈ ਗੁਰਦਾਸ ਸਟੀਕ, ਵਾਰ ੭ ਪਉੜੀ ੨੦ ਸਫਾ ੧੨੭, ਪ੍ਰਕਾਸ਼ਨ ੧੯੧੪)

ਨਿਤ ਨੇਮ ਸਟੀਕ ਜੋ ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਨੇ ਛਾਪਿਆ :=

ਅੰਮ੍ਰਿਤ-ਵੇਲਾ = ਤੜਕਾ—

ਸਿਖ ਰਹਿਤ ਮਰਿਯਾਦਾ (ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ) ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਇਸ ਤਰਾਂ ਲਿਖਿਆ ਹੈ :—

"ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਨਾਮ ਜਪੇ।" ਸੋ ਇਥੇ ਅੰਮ੍ਰਿਤ ਵੇਲੇ ਦੇ ਅਰਥ ਇਕ ਪਹਿਰ ਰਾਤ ਰਹਿੰਦੀ ਆਏ ਹਨ। ਚੌਥਾ ਤਰੀਕਾ ਅਰਥ ਲੱਭਣ ਦਾ ਇਹ ਹੈ ਕਿ ਗੁਰਬਾਣੀ ਵਿਚੋਂ ਹੀ ਕੋਈ ਠੀਕ ਇਸ਼ਾਰਾ ਲੱਭ ਪਵੇ। ਇਹ ਵਧੇਰੇ ਪੱਕਾ ਤੇ ਮਜ਼ਬੂਤ ਹੋਵੇਗਾ। ਵਾਰ ਮਾਝ ਵਿਚ ਦੋ ਸਲੋਕ ਇਸ ਤਰ੍ਹਾਂ ਆਏ ਹਨ। ਇਹਨਾਂ ਸਲੋਕਾਂ ਵਿਚੋਂ ਹੀ ਅੰਮ੍ਰਿਤ ਵੇਲੇ ਤੇ ਵਿਚਾਰ ਤੇ ਵਿਆਖਿਆ ਭੀ ਲੱਭੇਗੀ।

(ਚਲਦਾ


www.AKJ.Org

# { ਕੀਰਤਨ ਪ੍ਰਭਾਵਸ਼ਾਲੀ ਕਿੰਜ ਬਣੇ }

( ਭਾਈ ਅਮ੍ਰੀਕ ਸਿੰਘ ਜੀ ਬੀ.ਏ., ਬੜੌਦਾ )

## ਅਨਮੋਲ ਵਸਤੂ

ਕੀਰਤਨ ਅਨਮੋਲ ਵਸਤੂ ਹੈ, ਅਸੀਂ ਸਭ ਮਨਦੇ ਹਾਂ। ਕਿਉਂ ਅਨਮੋਲ ਹੈ ? ਇਸ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਤਾਂ ਇਸ ਦੀ ਆਤਮਕ ਮਹੱਤਤਾ ਹੈ ਜੇਹੜੀ ਕੇਵਲ ਸਤਗੁਰੂ ਹੀ ਦਸ ਸਕਦੇ ਹਨ ਤੇ ਉਹਨਾਂ ਨੇ ਹੀ ਦਸੀ ਹੈ ਬੇਅੰਤ ਗੁਰਬਾਣੀ ਦੇ ਸ਼ਬਦਾਂ ਦੁਆਰਾ।

ਕੀਰਤਨ ਹੋਰ ਵੀ ਕਈ ਕਾਰਨਾ ਕਰਕੇ ਮਹਤਵ ਪੂਰਨ ਹੈ, ਪਰ ਇਸ ਲੇਖ ਵਿਚ ਕੇਵਲ ਪਰਚਾਰ ਦੇ ਨੁਕਤਾ ਨਿਗਾਹ ਤੋਂ ਵਿਚਾਰ ਪੇਸ਼ ਕਰਨ ਦਾ ਯਤਨ ਹੈ, ਤਾਂ ਕੇ ਇਸ ਤੋਂ, ਵਧ ਤੋਂ ਵਧ ਲਾਭ, ਪ੍ਰਚਾਰ ਦੀ ਫੀਲਡ ਵਿਚ ਪ੍ਰਾਪਤ ਹੋ ਸਕੇ, ਜਾਂ ਇਉਂ ਕਹਿ ਲਓ "ਕਿ ਕਿਵੇਂ ਇਸ ਦਾ ਵਧ ਤੋਂ ਵਧ ਅਸਰ ਸਰੋਤੇ ਦੇ ਮਨ ਤੇ ਪਾਇਆ ਜਾ ਸਕੇ।

ਕੀਰਤਨ ਹਮੇਸ਼ਾ ਗਾ ਕੇ (ਸੁਰ, ਲੈਅ ਵਿਚ) ਕੀਤਾ ਜਾਂਦਾ ਹੈ। ਇਸ ਦਾ ਫਾਇਦਾ—ਇਕ ਤਾਂ ਰਾਗ, ਸੁਰ ਲੈਅ ਕਨ ਦੇ ਰਸ ਹੋਣ ਕਾਰਨ ਸਰੋਤੇ ਨੂੰ ਬਿਠਾਈ ਰਖਦੇ ਹਨ ਤੇ ਦੂਜਾ ਗੁਰਬਾਣੀ ਦੀ ਅਦਾਇਗੀ, ਸੁਭਾਵਕ ਹੀ, ਸੁਰ ਵਿਚ ਹੋਣ ਕਾਰਨ ਮਠੀ ਮਠੀ ਚਾਲ ਵਿਚ ਹੁੰਦੀ ਰਹਿੰਦੀ ਹੈ, ਤੇ ਐਸਾ ਹੋਣ ਨਾਲ ਗੁਰਬਾਣੀ ਧੀਰੇ ਧੀਰੇ ਵੇਗ ਰਾਗ ਦੀ ਗਲੇਫਣ ਵਿਚ ਗਲੇਫੀ ਹੋਈ ਰੋਗੀ (ਸਰੋਤੇ) ਦੇ ਮਨ ਤੇ ਅਸਰ ਕਰ ਦੇਂਦੀ ਹੈ, ਤੇ ਕਈ ਆਤਮਕ ਗੋਝ ਸਰੋਤੇ ਤਾਈ ਕੀਰਤਨ ਵਿਚ ਬੈਠਿਆਂ ਹੀ ਪਰਗਟ ਹੋ ਜਾਂਦੇ ਹਨ। ਹਰ ਇਕ ਸਰੋਤਾ ਇਕੋ ਜਹੇ (Intelect-ual) ਇੰਟੇਲੇਕ-ਚੂਅਲ ਪਧਰ ਦਾ ਮਾਲਕ ਨਹੀਂ ਹੁੰਦਾ ਤੇ ਆਪਣੇ ਆਪ ਇਤਨੀਆਂ ਖੋਜਾਂ ਕਰਨ ਦੇ ਸਮਰਥ ਨਹੀਂ ਹੁੰਦਾ। ਉਹ ਤਾਂ ਕੀਰਤਨ ਵਿਚ ਬਖਸ਼ਸ਼ ਪ੍ਰਾਪਤ ਕਰਨ ਲਈ ਪਹੁੰਚਦਾ ਹੈ ਤੇ ਇਥੋਂ ਹੀ ਸਭ ਕੁਝ ਖਟਕੇ ਲੈ ਜਾਣ ਦਾ ਅਭਿਲਾਸ਼ੀ ਹੁੰਦਾ ਹੈ। ਸਤਿ ਸੰਗਤ ਦੀ, ਕੀਰਤਨ ਦੀ, ਇਹ ਵੀ ਬੜੀ ਵਡੀ ਮਹੱਤਤਾ ਹੈ ਕਿ ਗੁਰਬਾਣੀ ਦੀ ਗੂੜ੍ਹ ਵਿਚਾਰ ਤੇ ਖੋਜ ਵਾਲੇ ਗੁਣੀ ਜਨ, ਹੀਰੇ ਮੋਤੀ ਸੰਗਤਾਂ ਅਗੇ ਲਿਆ ਰਖਦੇ ਹਨ ਤੇ ਸਰੋਤੇ ਭਰ ਭਰ ਕੇ ਲੈ ਜਾਂਦੇ ਨੇ ਝੋਲੀਆਂ।

## ਗੁਰਬਾਣੀ ਦੀ ਵੀਚਾਰ-ਅਰਥ ਭਾਵ

ਕੀਰਤਨ ਸਮੇਂ ਸਾਰੀ ਸੰਗਤ ਦੀ ਅਗਵਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧੀਨਗੀ ਵਿਚ, ਕੀਰਤਨੀਏ ਦੇ ਹਥ ਹੁੰਦੀ ਹੈ। ਕੀਰਤਨੀਏ ਲਈ ਲਾਜ਼ਮੀ ਹੈ ਕਿ ਉਸਨੂੰ ਪਹਿਲੇ ਆਪ ਗੁਰਬਾਣੀ


www.AKJ.Org

ਦੀ ਸੂਝ ਬੂਝ ਹੋਵੇ, ਉਹ ਗੁਰਬਾਣੀ ਦਾ ਪਰੇਮੀ, ਭੌਰਾ ਹੋਵੇ, ਖੋਜੀ ਹੋਵੇ, ਮੇਹਨਤੀ ਹੋਵੇ, ਨਾਮ ਦਾ ਰਸੀਆ ਹੋਵੇ। ਜੇਹੜਾ ਸ਼ਬਦ ਉਹ ਸੰਗਤਾਂ ਨੂੰ ਸੁਣਾਵੇ ਉਸਦੇ ਠੀਕ ਠੀਕ ਅਰਥ ਉਸਨੂੰ ਆਪ ਨੂੰ ਆਉਂਦੇ ਹੋਣ। ਜੇ ਉਹ ਆਪ ਹੀ ਗੁਰਬਾਣੀ ਦੇ ਅਰਥਾਂ ਵਲੋਂ ਅਗਿਆਨਤਾ ਵਿਚ ਹੋਵੇ ਤਾਂ ਸਰੋਤਿਆਂ ਦਾ, ਭੁਲੇਖਿਆਂ ਨੂੰ ਪਲੇ ਬਨ੍ਹ ਕੇ ਉਠ ਜਾਣਾ ਅਸੰਭਵ ਨਹੀਂ। ਪੜੇ ਲਿਖੇ ਬੰਦਿਆਂ ਦਾ ਅਜਿਹੇ ਕੀਰਤਨੀਏ ਦੀ ਅਗਿਆ-ਨਤਾ ਨੂੰ ਸਮਝ ਜਾਣਾ ਜਾਂ ਲੋਕਾਂ ਦਾ ਇਹ ਕਹਿਣਾ ਕਿ 'ਸਾਨੂੰ ਸਮਝ ਹੀ ਨਹੀਂ ਪੈਂਦੀ, ਇਸ ਲਈ ਬਹੁਤਾ ਬੈਠਿਆ ਹੀ ਨਹੀਂ ਜਾਂਦਾ' ਕੋਈ ਅਨੋਖਾ ਰੀਮਾਰਕ (Remark) ਨਹੀਂ ਤੇ ਜਿਨੂੰ ਸਮਝ ਹੀ ਨ ਪੈਂਦੀ ਹੋਵੇ ਉਹਦਾ ਕੀਰਤਨ ਨੂੰ ਹੀ ਗੈਰ ਜ਼ਰੂਰੀ ਸਮਝ ਲੈਣਾ ਵੀ ਕੋਈ ਵਡੀ ਗਲ ਨਹੀਂ। ਅਰਥ ਸਮਝੇ ਬਿਨਾਂ ਗੁਰਬਾਣੀ ਸੁਨਾਉਣਾ ਇਕ ਇਸ ਤਰ੍ਹਾਂ ਦੀ ਖੇਡ ਹੋਵੇਗੀ ਜਿਵੇਂ ਇਕ ਵਿਦਿਆਰਥੀ ਖੁਦ ਤਾਂ ਆਪਣੇ ਉਸਤਾਦ ਦੇ ਲੈਕਚਰ ਨੂੰ ਨ ਸਮਝ ਸਕਿਆ ਹੋਵੇ। ਪਰ ਦੂਜੇ ਨੂੰ ਸੁਣਾ ਰਿਹਾ ਹੋਵੇ, ਦੂਜਾ ਕੀ ਸਮਝੇਗਾ? ਗੁਰਬਾਣੀ ਦੇ ਅਰਥ ਭਾਵ ਖੁਦ ਸਮਝੇ ਬਿਨਾ ਦੂਜਿਆਂ ਨੂੰ ਕਿਵੇਂ ਸਮਝਾਏ ਜਾ ਸਕਦੇ ਹਨ?

ਭਾਵੇਂ ਇਹ ਠੀਕ ਹੈ ਕਿ ਗੁਰਬਾਣੀ ਸਮਝਣ ਸਮਝਾਉਣ ਦੀ ਸਾਰੀ ਜ਼ਿਮੇਵਾਰੀ ਕੀਰਤਨੀਏ ਤੇ ਸੁਟਕੇ ਸਰੋਤਾ ਬਰੀ ਨਹੀਂ ਹੋ ਜਾਂਦਾ। ਉਸ ਨੂੰ ਅਪਣੇ ਨਿਜੀ ਲਾਭ ਹਿਤ ਆਪ ਮਿਹਨਤ ਕਰਨੀ ਚਾਹੀਦੀ ਹੈ, ਪਰ ਫਿਰ ਵੀ ਉਹ ਕੀਰਤਨੀਏ ਪਾਸੋਂ ਸੁਚਜੀ ਤੇ ਅਗਵਾਈ ਭਰੀ ਵੀਚਾਰ ਸੁਣਨ ਵਾਸਤੇ ਹੀ ਆਉਂਦਾ ਹੈ; ਉਸ ਦੀ ਅਪਣੀ ਵੀਚਾਰ ਇਤਨੀ ਗਹਿਰੀ ਨਹੀਂ ਹੋਈ ਹੁੰਦੀ। ਜੇਹੜੇ ਸਰੋਤੇ ਸਮਝ ਵਾਲੇ ਹੁੰਦੇ ਹਨ ਉਨ੍ਹਾਂ ਨੂੰ ਸੁਨਾਉਣ ਵਾਲੇ ਕੀਰਤਨੀਏ ਉਤੇ ਉਪਰੋਕਤ ਅਸੂਲ ਤਾਂ ਹੋਰ ਵੀ ਲਾਜ਼ਮੀ ਤੌਰ ਤੇ ਲਾਗੂ ਹੋ ਗਏ ਇਸ ਲਈ ਕਿਸੇ ਹਾਲਤ ਵਿਚ ਵੀ An Ignorant of the text has no right to lead. ਕਲਾਸ ਦਾ ਮਨੀਟਰ, ਇਕ ਲਾਇਕ, ਸਭ ਤੋਂ ਲਾਇਕ ਵਿਦਿਆਰਥੀ ਹੀ ਹੋਣਾ ਚਾਹੀਦਾ ਹੈ ਗੁਰਬਾਣੀ ਦੇ ਅਰਥਾਂ, ਸੂਝ ਬੂਝ ਤੋਂ ਰਹਿਤ ਕੀਰਤਨੀਆਂ ਆਪ ਹੀ ਜਦ ਰਸ ਨਹੀਂ ਲੈ ਰਿਹਾ ਹੋਵੇਗਾ ਤਾਂ ਸਰੋਤੇ ਨੂੰ ਕੀ ਰਸ ਪ੍ਰਾਪਤ ਹੋਵੇਗਾ ਗੁਰਬਾਣੀ ਦੇ ਗੋਝ ਸਮਝੇ ਬਿਨਾ ਕੀਰਤਨ ਕਰਨਾ, ਰਸਨਾ ਦਾ ਕੀਰਤਨ ਹੋ ਸਕਦਾ ਹੈ, ਰਾਗ ਦਾ ਰਸ ਵੀ ਦੇ ਦੇਵੇ ਤਾਂ ਕੋਈ ਵਡੀ ਗਲ ਨਹੀਂ ਪਰ ਅਜਿਹਾ ਕੀਰਤਨ ਹਿਰਦੇ ਦਾ ਕੀਰਤਨ ਨਹੀਂ ਹੋਵੇਗਾ 'ਤੋਤੇ ਦੀ ਰਟਨ ਜਾਂ Lip Service ਹੋ ਸਕਦਾ ਹੈ। ਗੁਰਬਾਣੀ ਦੇ ਅੰਤ੍ਰੀਵ ਆਤਮ ਗੋਝ **ਨਾਮ** ਜਪਕੇ ਖੁਲਦੇ ਹਨ ਇਸ ਲਈ ਕੀਰਤਨੀਆ ਸਿੰਘ ਪਹਿਲੋਂ ਤਕੜਾ ਨਾਮ ਅਭਿਆਸੀ ਵੀ ਚਾਹੀਦਾ ਹੈ ਨਹੀਂ ਤਾਂ ਨਾਮ ਤੋਂ ਬਿਨਾ ਗਿਆਨ ਚੁੰਚ ਗਿਆਨ ਅਖਵਾਉਂਦਾ ਹੈਤੇ ਅਜਿਹਾ ਗਿਆਨ ਘਟ ਹੀ ਅਸਰਦਾਇਕ ਹੁੰਦਾ ਹੈ।

## ਕੀਰਤਨ ਦਾ ਮਜ਼ਮੂਨ

ਜਗਿਆਸੂ ਅਗੇ ਜੀਵਨ ਪੰਧ ਵਿਚ ਕਈ ਮਸਲੇ ਖੜੇ ਹੁੰਦੇ ਹਨ, ਕਈ ਆਤਮਕ ਗੁੰਝਲ ਆ ਪੈਂਦੇ ਹਨ, ਜਿਨ੍ਹਾਂ ਸਾਰਿਆਂ ਦਾ ਹਲ ਗੁਰਬਾਣੀ ਦੀ ਅਗਵਾਈ ਵਿਚ ਹੀ ਹੈ ਤੇ ਇਹ



www.AKJ.Org

ਆਤਮਕ ਗੁੰਝਲ ਜ਼ਿਆਦਾ ਤਰ ਸਤਿ ਸੰਗਤ ਵਿਚ ਕੀਰਤਨ ਸੁਣਦਿਆਂ ਹੀ ਖੁਲਦੇ ਹੁੰਦੇ ਹਨ, ਇਸ ਲਈ ਹਰ ਇਕ ਕੀਰਤਨੀਏ ਨੂੰ ਚਾਹੀਏ ਕਿ ਉਹ ਕੋਸ਼ਸ਼, ਮਿਹਨਤ ਕਰ ਕੇ, ਆਪਣੇ ਸਮੇਂ ਅੰਦਰ ਸੰਗਤਾਂ ਦੇ ਅਗੇ ਇਕ ਮਜ਼ਮੂਨ ਪੇਸ਼ ਕਰੇ। ਇਸ ਮਜ਼ਮੂਨ ਨੂੰ ਅਖੰਡ ਕੀਰਤਨ ਦੁਆਰਾ ਅਦਾ ਕਰੇ। ੩੦ ਮਿੰਟਾਂ ਵਿਚ ਪੰਜ ਜਾਂ ਛੇ ਸ਼ਬਦ ਕਾਹਲੀ ਕਾਹਲੀ ਪੜ੍ਹ ਜਾਣ ਨਾਲੋਂ—ਜੇ ਇਕ ਹੀ ਸ਼ਬਦ ਜੋ ਕਿ ਆਪਣੇ ਆਪ ਵਿਚ ਖੁਦ ਹੀ ਇਕ ਮਜ਼ਮੂਨ ਹਨ-ਧੀਰੇ ਧੀਰੇ-ਭਾਵੇਂ ਪਰਮਾਣਾ ਨਾਲ ਠੀਕ ਤਰੀਕੇ ਨਾਲ ਸੰਗਤਾਂ ਅਗੇ ਪੇਸ਼ ਹੋ ਜਾਏ, ਵਾਕੇ ਹੀ ਇਕ ਮਜ਼ਮੂਨ ਦੇ ਰੂਪ ਵਿਚ, ਤਾਂ ਇਹ ਜ਼ਿਆਦਾ ਅਸਰਦਾਇਕ ਹੋਵੇਗਾ ਸਰੋਤੇ ਦੇ ਹਿਰਦੇ ਉਤੇ। ਇਕ ਮਜ਼ਮੂਨ ਨੂੰ ਤਿੰਨ ਮਿੰਟਾਂ ਵਿਚ ਖਤਮ ਕਰਨ ਲਈ ਇਕ ਤੁਕ ਨੂੰ ਮਸੇਂ ਇਕ ਵਾਗੀ ਤੇ ਉਹ ਬੜੀ ਤੇਜ਼ੀ ਵਿਚ ਪੜਿਆ ਜਾ ਸਕੇ ਸ਼ਾਇਦ ਪਰ ੩੦ ਮਿੰਟਾਂ ਵਿਚ, ਗੁਰਬਾਣੀ ਵਿਚੋਂ ਲਭ ਕੇ ਇਕ ਗੁਣੀ ਜਨ ਕੀਰਤਨੀਆ ਲਾਲ ਜ਼ਿਆਦਾ ਮਿਸਾਲਾਂ ਦੇ ਸਕੇ ਗਾ ਜਾਂ ਇਉਂ ਕਹਿ ਲੋ ਕਿ ਮਜ਼ਮੂਨ ਨੂੰ ਚੰਗੀ ਤਰ੍ਹਾਂ ਧੀਰੇ ੨ ਸਰੋਤੇ ਦੇ ਹਿਰਦੇ ਤਕ ਪਹੁੰਚਾ ਦੇਵੇਗਾ। ਇਸ ਦਾ ਅਸਰ ਸਰੋਤੇ ਦੇ ਤੇ ਮਨ ਜ਼ਿਆਦਾ ਦੇਰ ਰਹੇਗਾ, ਬਨਿਸਬਤ ੩੦ ਮਿੰਟਾਂ ਛੇ ਸ਼ਬਦਾਂ ਦੇ- ਛੇ ਮਜ਼ਮੂਨਾਂ ਦੇ, ਤੇ ਇਸਤਰ੍ਹਾਂ ਪ੍ਰਭਾਵਤ ਹੋਇਆ ਸਰੋਤਾ ਉਠੇ ਗਾ ਵੀ ਨਹੀਂ ਤੇ ਫਿਰ ਵੀ ਜ਼ਰੂਰ ਕੀਰਤਨ ਸੁਣਨ ਲਈ ਆਵੇਗਾ ਰੋਜ਼ ਆਵਣ ਲਗ ਪਏਗਾ।

## ਪਰਮਾਣਾਂ ਦੀ ਚੋਣ

ਕੀਰਤਨ ਨੂੰ ਵਧੇਰੇ Explanatory ਬਣਾਉਣ ਲਈ ਕੀਰਤਨੀਏ ਪ੍ਰਮਾਣਾਂ ਦੀ ਵਰਤੋਂ ਕਰਦੇ ਹਨ। ਪਰ ਇਨ੍ਹਾਂ ਪਰਮਾਣਾਂ ਦੀ ਚੋਣ, ਬਹੁਤ ਸਿਆਣਪ ਤੇ ਗੁਰਬਾਣੀ ਦੀ ਸੂਝ ਬੂਝ ਦੀ ਮੰਗ ਕਰਦੀ ਹੈ, ਸਭ ਤੋਂ ਪਹਿਲੋਂ ਮੁਖ ਸ਼ਬਦ ਦੇ ਅਰਥ ਮਜ਼ਮੂਨ ਨੂੰ ਸਮਝਣਾ ਲਾਜ਼ਮੀ ਹੈ। ਫਿਰ ਉਸ ਮਜ਼ਮੂਨ ਨੂੰ ਅਦਾ ਕਰਣ ਲਈ ਸਚੇ ਪਾਤਸ਼ਾਹ ਜੀ ਨੇ ਸ਼ਬਦ ਦੀਆਂ ਵਖ ਵਖ ਤੁਕਾਂ ਵਿਚ ਕੀ ਕੀ ਵੀਚਾਰ ਜਾਂ ਮਿਸਾਲਾਂ ਪੇਸ਼ ਕੀਤੀਆਂ ਹਨ, ਉਨ੍ਹਾਂ ਨੂੰ ਵੀ ਸਮਝਣਾ ਚਾਹੀਏ। ਹੁਣ ਜਦੋਂ ਪ੍ਰਮਾਣਾ ਦੀ ਖੋਜ ਕੀਤੀ ਜਾਏ ਇਸ ਗਲ ਦਾ ਖਿਆਲ ਰਖਿਆ ਜਾਏ ਕਿ ਵਧੇਰੇ ਕਰਕੇ ਪ੍ਰਮਾਣ ਉਨ੍ਹਾਂ ਸ਼ਬਦਾਂ ਵਿਚੋ ਹੋਣ ਜਿਨ੍ਹਾਂ ਦਾ ਮੁਖ ਆਸ਼ਾ, ਮਜ਼ਮੂਨ, ਸਾਡੇ ਮੁਖ ਸ਼ਬਦ ਦੇ ਮਜ਼ਮੂਨ ਨਾਲ ਮਿਲਦਾ ਜੁਲਦਾ ਹੋਵੇ ਤਾਂ ਕੇ ਚਲ ਰਹੇ ਮਜ਼ਮੂਨ ਦੀ ਵੀਚਾਰ ਧਾਰਾ ਕਾਇਮ ਰਹੇ ਤਾਂ ਹੀ ਸਰੋਤਾ ਮਜ਼ਮੂਨ ਨੂੰ ਗ੍ਰਹਿਣ ਕਰ ਸਕੇਗਾ ਨਹੀਂ ਤਾਂ ਜੇ ਵਿਚਾਰਾਂ ਦੀ ਲੜੀ ਵਿਚ ਖਦਲ ਬਦਲ ਹੋਵੇਗਾ (ਗਲਤ ਪ੍ਰਮਾਣਾਂ ਦੀ ਚੋਣ ਦੇ ਕਾਰਨ) ਤਾਂ ਮਜ਼ਮੂਨ ਨੂੰ ਸਮਝਣਾ ਔਖਾ ਹੋਵੇਗਾ ਸਰੋਤੇ ਲਈ, ਉਸ ਦੇ ਮਨ ਵਿਚ ਲੜੀ ਟੁਟ ਜਾਏਗੀ।

ਆਮ ਕੀਰਤਨੀਏ ਅਖਰਾਂ ਉਤੇ ਪ੍ਰਮਾਣ ਦੇਣ ਲਗ ਪੈਂਦੇ ਹਨ, ਤੁਕ ਜਾਂ ਸ਼ਬਦ ਦੇ ਅਰਥਾਂ ਨੂੰ ਬਿਲਕੁਲ ਧਿਆਨ ਤੋਂ ਉਹਲੇ ਕਰਕੇ Without reference to context—

ਮਿਸਾਲ ਵਜੋਂ ਹੇਠ ਲਿਖੇ ਦੋ ਪ੍ਰਮਾਣ ਪੇਸ਼ ਹਨ— ਜੇਹੜੇ ਦਾਸ ਨੇ ਉਘੇ ਰਾਗੀਆਂ ਪਾਸੋਂ ਸੁਣੇ:—

ਮੁਖ ਸ਼ਬਦ :—

ਤੀਰਥ ਜਾਉਂ ਤਾਂ ਹਉ ਹਉ ਕਰਤੇ

... ... ...



www.AKJ.Org

ਸੋ ਅਸਥਾਨ ਬਤਾਵਹੁ ਮੀਤਾ।
ਜਾ ਕੇ ਹਰ ਹਰ ਕੀਰਤਨ ਨੀਤਾ।

(ੳ) ਪ੍ਰਮਾਣ :—

੧. ਸਾਧ ਸੰਗਤ ਅਸਥਾਨ ਜਗ ਮਗ......
੨. "ਧਨ ਇਹ ਥਾਨ ਗੋਬਿੰਦ ਗੁਣ ਗਾਏ"
੩. "ਧਨ ਧਨ ਸੁਹਾਵਾ ਸੋ ਸਰੀਰ ਥਾਨ ਹੈ
ਜਿਥੇ ਮੇਰਾ ਗੁਰੂ ਧਰੇ ਵਿਖਾ'

(ਅ) ਪ੍ਰਮਾਣ :—

੧. ਤਹਿ ਬੈਕੁੰਠ ਜਹਿ ਕੀਰਤਨ ਤੇਰਾ।
੨. 'ਜਹਿ ਕੀਰਤਨ ਤੇਰਾ ਸਾਧੂ ਗਾਵੇ'
੩. 'ਬੈਕੁੰਠ ਨਗਰ ਜਹਾਂ ਸੰਤ ਵਾਸਾ।'
੪. 'ਜਬ ਲਗ ਮਨ ਬੈਕੁੰਠ ਕੀ ਆਸ।
ਤਬ ਲਗ ਹੋਏ ਨ ਚਰਨ ਨਿਵਾਸ'

ਉਪਰੋਕਤ ਮਿਸਾਲਾਂ ਤੋਂ ਪਾਠਕਾਂ ਲਈ ਅੰਦਾਜ਼ਾ ਲਗਾਣਾ ਬੜਾ ਹੀ ਸੁਖੈਨ ਹੈ ਕਿ ਅਖਰਾਂ ਨੂੰ ਲੈ ਕੇ ਗਲਤ ਪ੍ਰਮਾਣ ਦੇ ਦਿਤੇ ਗਏ ਹਨ (ੳ-੩) ਤੇ (ਅ-੪) ਵਿਚ। ਅੱਖਰ ਤਾਂ ਉਹੀ ਹੈ ਪਰ ਅਰਥ ਹੋਰ ਹਨ ਜਿਨਾਂ ਦਾ ਮੁਖ ਸ਼ਬਦ ਦੇ ਆਸ਼ੇ ਨਾਲ ਸੰਬੰਧ ਹੀ ਹੈ ਨਹੀਂ। ਇਹੀ ਜੇ (ਅ-੪) ਤੁਕ ਦੇ ਸ਼ਬਦ ਦੀ ਆਖਰੀ ਤੁਕ 'ਕਹੁ ਕਬੀਰ ਅਬ ਕਹੀਏ ਕਾਏ-ਸਾਧ ਸੰਗਤਿ ਬੈਕੁੰਠੇ ਆਹੇ' ਦਾ ਪ੍ਰਮਾਣ ਦੇਂਦਾ ਤਾਂ ਕਿਤਨਾ ਠੀਕ ਹੁੰਦਾ।

ਦੋ ਹੋਰ ਮਸਾਲਾਂ ਅਜਿਹੇ ਪ੍ਰਮਾਣਾਂ ਦੀਆਂ ਪੇਸ਼ ਕਰਦਾ ਹਾਂ ਜਿਨ੍ਹਾਂ ਦਾ ਮੁਖ ਸ਼ਬਦ ਨਾਲ ਸੰਬੰਧ ਸਮਝਣਾ ਹੀ ਔਖਾ ਹੈ-ਪਰ ਰਾਗੀ ਚੰਗੇ ਪਰਸਿਧ ਹਨ ਜਿਨਾਂ ਤੋਂ ਸੁਣੇ ਹਨ ਦਾਸ ਨੇ।

(ੳ) ਮੁਖ ਸ਼ਬਦ :—

'ਥਿਰ ਘਰ ਬੈਸਹੁ ਹਰ ਜਨ
... ... ... ... ... ...
ਨਾਨਕ ਓਟ ਪਕਰੀ ਪ੍ਰਭ।'

ਪ੍ਰਮਾਣ :—

'ਹਉ ਅਪਰਾਧੀ ਗੁਨਹਿਗਾਰ
ਹਉ ਬੇ ਮੁਖ ਮੰਦਾ
... ... ... ... ... ...
ਸਿਮਰ ਮੁਰੀਦਾ ਢਾਡੀਆ
ਸਤਿਗੁਰੂ ਬਖਸ਼ੰਦਾ'

(ਅ) ਮੁਖ ਸ਼ਬਦ :—

'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ...'
(ਪਾ: ੧੦)

ਪੁਛਣ ਤੇ ਪਤਾ ਲਗਾ ਕਿ ਜਿਸ ਰਾਗ ਵਿਚ ਮੁਖ ਸ਼ਬਦ ਅਦਾ ਕੀਤਾ ਜਾ ਰਿਹਾ ਸੀ ਉਸ ਰਾਗ ਵਿਚ ਕਬੀਰ ਜੀ ਦੇ ਕੁਝ ਸਲੋਕ ਰਾਗੀ ਜੀ ਨੂੰ ਯਾਦ ਸਨ ਸੋ ਉਨ੍ਹਾਂ ਉਹ ਪ੍ਰਮਾਣਾਂ ਦੇ ਰੂਪ ਵਿਚ ਅਦਾ ਕਰ ਦਿਤੇ ਇਹ ਗਲ ਸੁਣ ਕੇ ਦਾਸ ਨੂੰ ਦਸੰਬਰ ਦੇ ਸੂਰਾ ਦੇ ਪੰਨਾ ੧੭ ਉਤੇ ਦਿਤੀ ਰਾਗ ਪ੍ਰਗਟਾਉਣ ਵਾਲੀ ਸਾਰੀ ਵਾਰਤਾ ਯਾਦ ਆ ਗਈ" ਕੀਰਤਨੀਏ ਸਿੰਘ ਨੂੰ ਚਾਹੀਏ ਮਿਹਨਤ ਕਰਨੀ, ਤੇ ਠੀਕ ਪ੍ਰਮਾਣ ਚੁਣ ਕੇ ਲਿਆਉਣੇ ਤੇ ਸੰਗਤਾਂ ਅਗੇ ਰਖਣੇ।


www.AKJ.Org

# ਅਨੋਖੀ ਪੂਜਾ

(ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ)

ਸਿਖ ਪੁਜਾਰੀ ਹੈ ਵਾਹਿਗੁਰੂ ਦਾ ਅਤੇ ਆਪਣੇ ਗੁਰੂ ਦਾ। ਇਸ਼ਟ-ਪੂਜਾ ਦਾ ਢੰਗ ਹਰ ਇਕ ਕੌਮ, ਧਰਮ ਦਾ ਆਪੋ ਆਪਣਾ ਹੈ।

ਸਿਖੀ ਵਿਚ ਪੂਜਾ ਦਾ ਢੰਗ ਹੈ ਗੁਰਬਾਣੀ ਕੀਰਤਨ ਤੇ ਨਾਮ ਸਿਮਰਣ ਦਵਾਰਾ ਯਥਾ:—

ਪੂਜਾ ਕੀਚੈ ਨਾਮੁ ਧਿਆਈਐ
ਵਿਣੁ ਨਾਵੈ ਪੂਜ ਨ ਹੋਇ ॥
(ਗੂਜਰੀ ਮ: ੧)

ਹਿੰਦੂ ਪੂਜੇ ਦੇਹਰਾ ਮੁਸਲਮਾਨ ਮਸੀਤ ॥
ਨਾਮੇ ਸੋਈ ਸੇਵਿਆ ਜਿਹ ਦੇਹੁਰਾ ਨ ਮਸੀਤ ॥

ਨਾਮ ਬਾਣੀ ਦਾ ਸੁਣਨਾ, ਮੰਨਣਾ ਅਤੇ ਨਿਧਿਆਸਣ ਸਾਰੀਆਂ ਅਵਸਥਾਵਾਂ ਗੁਰੂ-ਪੂਜਾ ਹਨ ॥ ਸਿਖ ਦੀ ਸੁਰਤ ਦਾ ਪ੍ਰਮੁਖ ਕੇਂਦਰ ਗੁਰੂ ਹੈ 'ਗੁਰ ਪ੍ਰਸਾਦਿ' ਕਰਕੇ ਹੀ ਸਿਖ ਦੀ ਹਉਮੈ ਨਿਵਾਰਣ ਹੁੰਦੀ ਹੈ ਅਤੇ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ ॥ ਸਿਖ ਦਾ ਗੁਰੂ ਨਾਲ ਬਹੁਮੁਖੀ ਅਤੇ ਅਨੋਖਾ ਪਿਆਰ ਹੈ। ਗੁਰੂ ਸਿਖ ਦਾ ਸਜਣ ਸਨੇਹੀ, ਮਾਤਾ ਪਿਤਾ ਤੇ ਹੋਰ ਸਭ ਕੁਝ ਹੈ। ਗੁਰੂ ਅਤੇ ਸਿਖ ਦੀ ਪ੍ਰੀਤਿ ਇਕ-ਅੰਗੀ ਹੀ ਨਹੀਂ, ਦੋ-ਅੰਗੀ ਹੈ ॥ ਜੇ ਸਿਖ ਗੁਰੂ ਦਾ ਸ਼ਰਧਾਲੂ ਹੈ ਤਾਂ ਗੁਰੂ ਵੀ ਸਚੇ ਸਿਖਾਂ ਦਾ ਸ਼ਰਧਾਲੂ ਹੈ ॥ ਗੁਰੂ ਆਪਣੇ 'ਲਧੋਵਾਰੇ' ਸਿਖਾਂ ਤੋਂ ਵਾਰਨੇ ਬਲਿਹਾਰਨੇ ਜਾਂਦਾ ਹੈ ਅਤੇ ਨਾਮ ਜਪਣ ਜਪਾਉਣਹਾਰਿਆਂ ਦੇ ਚਰਨ-ਧੂੜ ਦੀ ਜਾਚਨਾ ਕਰਦਾ ਹੈ।

ਗੁਰਸਿਖਾ ਕੀ ਹਰਿ ਧੂੜਿ ਦੇ
ਹਮ ਪਾਪੀ ਭੀ ਗਤਿ ਪਾਹਿ ॥

ਸਿਖ ਦੀ ਪ੍ਰੀਤਿ ਗੁਰੂ ਨਾਲ ਅਸਚਰਜ ਹੈ ਸਿਖ ਗੁਰੂ ਦੇ ਬਾਜ, ਕਲਗੀ, ਘੋੜੇ; ਜੋੜੇ, ਚੋਲੇ ਸਭ ਵਸਤੂਆਂ ਨੂੰ ਸਤਕਾਰਦਾ ਹੈ। ਜਿਥੇ ਜਿਥੇ ਗੁਰੂ ਸਚੇ ਪਾਤਿਸ਼ਾਹ ਨੇ ਚਰਨ ਪਾ, ਵਿਲਖਣ ਚੋਜ ਵਰਤਾ ਧਰਤੀ ਪਵਿਤਰ ਕੀਤੀ ਸਿਖ ਉਸ ਥਾਂ ਨੂੰ ਪਿਆਰ ਕਰਦਾ ਹੈ ਤੇ ਧੂੜ ਮਸਤਕ ਤੇ ਲਾ ਕੇ ਆਪਣੇ ਧੰਨ ਭਾਗ ਸਮਝਦਾ ਹੈ ਇਸੇ ਭਾਵਨਾ ਦੇ ਅਧੀਨ ਗੁਰਧਾਮ ਯਾਤਰਾ ਦਾ ਅਰੰਭ ਹੁੰਦਾ ਹੈ।

ਚੰਡੀਗੜ੍ਹ ਤੋਂ ਗੁਰੂ-ਪੁਜਾਰੀ ਸਿੰਘਾਂ ਨਾਲ ਭਰਪੂਰ ਦੋ ਬਸਾਂ ਗੁਰੂਧਾਮਾਂ ਦੀ ਪਵਿੱਤਰ ਯਾਤਰਾ ਲਈ ੨੭-੯-੬੭ ਨੂੰ ਚਲੀਆਂ। ਯਾਤਰੂ ਅਤੇ ਰਸਤੇ ਵਿਚ ਥਾਂਓ ਥਾਂਈ ਪੜਾਅ ਕਰਦੇ ਗੁਰੂ ਸੰਗਤਾਂ ਦੇ ਦਰਸ਼ਨ ਪਰਸਦੇ ਹੋਏ ਤਖਤ ਸ੍ਰੀ ਹਜ਼ੂਰ ਸਾਹਿਬ (ਨਦੇੜ) ਪੁਜੇ। ਬਾਹਰੋਂ ਹੀ ਬਸਾਂ ਤੋਂ ਉਤਰ ਨਗਰ ਕੀਰਤਨ ਕਰਦੇ ਹੋਏ ਸ਼ਰਧਾਲੂ ਯਾਤਰੂ ਸ੍ਰੀ ਸਚਖੰਡ ਪੁਜੇ ਅਤੇ ਸਚੇ ਦਰਬਾਰ ਦੀ ਹਾਜ਼ਰੀ ਭਰ ਕੇ ਗਦ-ਗਦ ਹੋਏ ॥

ਸ੍ਰੀ ਹਜ਼ੂਰ ਸਾਹਿਬ ਕੁਝ ਦਿਨ ਪੜਾਅ ਸੀ। ਇਨ੍ਹਾਂ ਦਿਨਾਂ ਵਿਚ ਗੁਰਦੁਆਰਾ ਸਾਹਿਬ ਵਿਚ



www.AKJ.Org

ਵਰਤਦੀ ਮਰਯਾਦਾ ਵਿਚ ਜੋ ਕੁਝ ਗੁਰਮਤਿ ਦੇ ਪ੍ਰਤਿਕੂਲ (ਉਲਟ) ਦੇਖਿਆ ਸੋ ਇਸ ਪ੍ਰਕਾਰ ਹੈ:—

੧. ਤਖਤ ਸ੍ਰੀ ਸੱਚ ਖੰਡ ਵਿਚ ਹਰ ਰੋਜ਼ ਸੁਖ ਨਿਧਾਨ (ਭੰਗ) ਦਾ ਭੋਗ ਲਵਾਇਆ ਜਾਂਦਾ ਹੈ।

੨. ਅੰਮ੍ਰਿਤ, ਸਿੰਘਾਂ ਨੂੰ ਖੰਡੇ ਦਾ ਅਤੇ ਸਿੰਘਣੀਆਂ ਨੂੰ ਕ੍ਰਿਪਾਨ ਦਾ ਛਕਾਇਆ ਜਾਂਦਾ ਹੈ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਸ ਤਰ੍ਹਾਂ ਕੀਤਾ ਹੋਇਆ ਹੈ ਕਿ ਦਰਸ਼ਨ ਲਈ ਹਾਜ਼ਰ ਹੋਣ ਵਾਲੀ ਸੰਗਤ ਨੂੰ ਸ੍ਰੀ ਗੁਰੂ ਜੀ ਦੇ ਸਨਮੁਖ ਦੀਦਾਰੇ ਨਹੀਂ ਹੁੰਦੇ। ਮਹਾਰਾਜ ਦਾ ਅਤੇ ਤਾਬਿਆ ਸਜ਼ੇ ਸਿੰਘ ਦਾ ਮੁਖਾਰਬਿੰਦ ਅੰਗੀਠੇ ਸਾਹਿਬ ਵਲ ਕੀਤਾ ਹੋਇਆ ਹੈ।

ਜੋ ਵੀ ਰੁਮਾਲੇ, ਫੁਲ, ਸਿਹਰੇ ਅਤੇ ਪ੍ਰਸ਼ਾਦ ਆਦਿ ਸ਼ਰਧਾਲੂਆਂ ਵਲੋਂ ਭੇਟਾ ਹੁੰਦੇ ਹਨ ਪੁਜਾਰੀ ਸਿੰਘ ਉਹਨਾਂ ਨੂੰ ਬਜਾਏ ਸ੍ਰੀ ਗੁਰੂ ਗ੍ਰੰਥ ਜੀ ਨੂੰ ਅਰਪਨ ਕਰਨ ਦੇ ਥੜੇ ਸਾਹਿਬ (ਅੰਗੀਠਾ ਸਾਹਿਬ) ਦੇ ਬਾਹਰ ਦੀਆਂ ਪਉੜੀਆਂ ਉਤੇ ਚੜਾਉਂਦੇ ਹਨ, ਫਿਰ ਉਥੋਂ ਚੁਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਚੜਾਏ ਜਾਂਦੇ ਹਨ। ਇਹਨਾਂ ਪਉੜੀਆਂ ਉਤੇ ਦਿਨ ਵਿਚ ਕਈ ਵਾਰੀ ਪੁਜਾਰੀ ਸਿੰਘਾਂ ਦੇ ਚਰਨ ਲਗਦੇ ਹਨ।

੪. ਦੁਸਹਿਰੇ ਵਾਲੇ ਦਿਨ ਬਕਰਾ ਝਟਕਾ ਕੇ ਉਸ ਦੇ ਖੂਨ ਨਾਲ ਸ਼ਸਤਰਾਂ ਨੂੰ ਤਿਲਕ ਲਾਇਆ ਗਿਆ। ਦਸਿਆ ਜਾਂਦਾ ਹੈ ਕਿ ਅਜਿਹਾ ਹੋਰ ਵਡੇ ਤਿਉਹਾਰ, ਵਿਸਾਖੀ, ਹੋਲੇ ਆਦਿ ਤੇ ਵੀ ਕੀਤਾ ਜਾਂਦਾ ਹੈ।

੫. ਗੁਰਦੁਆਰੇ ਸਾਹਿਬ ਅੰਦਰ ਦਿਨ ਵਿਚ ਕਈ ਵਾਰੀ ਟਲ ਤੇ ਘੰਟੀਆਂ ਖੜਕਾਈਆਂ ਜਾਂਦੀਆਂ ਹਨ।

੬. ਵਡੇ ਪੁਜਾਰੀ ਜੋ ਆਪ ਬੜੇ ਨਿਰਮਾਣ ਅਤੇ ਕਰਨੀ ਕਮਾਈ ਵਾਲੇ ਪੁਰਸ਼ ਹਨ, ਅੰਗੀਠਾ ਸਾਹਿਬ (ਥੜੇ) ਉਤੇ ਦਰਵਾਜੇ ਬੰਦ ਕਰਕੇ ਸ਼ਸਤਰਾਂ ਸਜਾਉਣ ਦੀ ਸੇਵਾ ਕਰਦੇ ਹਨ ਅਤੇ ਅੰਦਰ ਹੀ ਥੜੇ ਨੂੰ ਜਿਸ ਤੇ ਸ਼ਸਤਰ ਸਜਾਏ ਹੁੰਦੇ ਹਨ, ਚੌਰ ਕਰਦੇ ਰਹਿੰਦੇ ਹਨ।

ਸਵੇਰੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਪੁਜਾਰੀ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਬੈਠ ਪਹਿਲਾਂ ਭਾਂਡੇ ਮਾਂਜਦੇ ਹਨ, ਧੋਂਦੇ ਹਨ ਅਤੇ ਫਿਰ ਚੰਦਨ ਰਗੜਦੇ ਹਨ। ਇਹ ਸਭ ਕ੍ਰਿਆ ਕੀਰਤਨ ਵਿਚ ਬੜੀ ਅਨੋਖੀ ਜਾਪਦੀ ਹੈ ਅਤੇ ਸੰਗਤਾਂ ਦੀ ਸੁਰਤੀ ਵਿਚ ਖਿੰਡਾਓ ਪੈਦਾ ਕਰਦੀ ਹੈ।

ਸੋ ਇਸ ਸਬੰਧੀ ਵਿਚਾਰ ਕਰਨ ਲਈ ੧੩-੧੦-੬੭ ਨੂੰ ਹੇਠ ਲਿਖੇ ਸਿੰਘਾਂ ਦਾ ਇਕ ਡੈਪੂਟੇਸ਼ਨ ਛੋਟੇ ਪੁਜਾਰੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ :—

੧. ਭਾ: ਹਰਚਰਨ ਸਿੰਘ ਜੀ ਚੰਡੀਗੜ
੨. ਭਾ: ਪ੍ਰੀਤਮ ਸਿੰਘ ਜੀ ਦਿਲੀ
੩. ਭਾ: ਮਨਮੋਹਣ ਸਿੰਘ ਜੀ ਜੈਪੁਰ
੪. ਭਾ: ਹਰਭਜਨ ਸਿੰਘ ਜੀ ਬਸੀ
੫. ਬੀਬੀ ਹਰਸ਼ਰਨ ਕੌਰ ਜੀ ਜੰਲਧਰ
੬. ਦਾਸ

ਅਸੀਂ ਪੁਜਾਰੀ ਸਾਹਿਬ ਜੀ ਨੂੰ ਉਹਨਾਂ ਨਾਲ ਭੇਂਟ ਕਰਨ ਦਾ ਮੰਤਵ ਦਸਦਿਆਂ ਪੁਛਿਆ ਕਿ ਕੀ ਵਜਾ ਹੈ ਕਿ ਇਥੇ ਤਖਤ ਸਾਹਿਬ ਉਤੇ



www.AKJ.Org

ਦਸਾਂ ਪਾਤਸ਼ਾਹੀਆਂ ਦੇ ਸਰੂਪ, ਤਖਤ ਚੌਰ ਦੇ ਮਾਲਕ, ਗੁਰਗਦੀ ਤੇ ਬ੍ਰਾਜਮਾਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਯੋਗ ਸਤਿਕਾਰ ਨਹੀਂ ਸਗੋਂ ਸਾਰਾ ਸਤਿਕਾਰ ਅੰਗੀਠਾ ਸਾਹਿਬ ਦਾ ਕੀਤਾ ਜਾਂਦਾ ਹੈ।

ਕੁਝ ਕੁ ਵਿਚਾਰ ਵਟਾਂਦਰੇ ਮਗਰੋਂ ਪੁਜਾਰੀ ਸਾਹਿਬ ਸਾਡੇ ਨਾਲ ਸਹਿਮਤ ਹੋ ਗਏ ਕਿ ਤਖਤ ਸਾਹਿਬ ਦੀ ਕੁਝ ਮਰਯਾਦਾ ਗੁਰਮਤਿ ਸਿਧਾਂਤਾਂ ਦੇ ਅਨਕੂਲ ਨਹੀਂ। ਪਰ ਇਸ ਨੂੰ ਬਦਲਨ ਲਈ ਉਹਨਾਂ ਆਪਣੀ ਮਜਬੂਰੀ ਪਰਗਟ ਕੀਤੀ। ਅਸੀਂ ਵੀ ਅਨਭਵ ਕਰਦੇ ਸਾਂ ਕਿ ਪਰਚਲਤ ਮਰਯਾਦਾ ਨੂੰ ਕੋਈ ਇਕ ਵਿਅਕਤੀ ਨਹੀਂ ਬਦਲ ਸਕਦਾ। ਸੋ ਫਤਿਹ ਗਜਾ ਕੇ ਨਿਵਾਸ ਅਸਥਾਨ ਮੁੜ ਪਏ। ਇਹ ਦਿਨ ਦੇ ੬-੭ ਵਜੇ ਦੀ ਗਲ ਹੈ।

ਸੋਦਰ ਮਗਰੋਂ ਉਪਰੋਕਤ ਸਿੰਘਾਂ ਨੇ ਫਿਰ ਮਤਾ ਕੀਤਾ ਕਿ ਇਸ ਬਾਰੇ ਵਡੇ ਪੁਜਾਰੀ ਸਾਹਿਬ ਨਾਲ ਵੀ ਇਸ ਬਾਰੇ ਗੋਸ਼ਟੀ ਕੀਤੀ ਜਾਵੇ,ਸੋ ਭਾਈ ਜੀਵਨ ਸਿੰਘ ਰਾਗੀ ਜੀ ਦੀ ਰਾਹੀ ਪੁਜਾਰੀ ਜੀ ਦੇ ਡੇਰੇ ਪੁਜੇ। ਪੁਜਾਰੀ ਸਾਹਿਬ ਸੰਗਤਾਂ ਨੂੰ ਲੰਗਰ ਛਕਾਉਣ ਦੀ ਹਥੀਂ ਸੇਵਾ ਕਰ ਰਹੇ ਸਨ। ਫਤਿਹ ਗਜਾਈ ਤੇ ਆਪਣੇ ਹਾਜ਼ਰ ਹੋਣ ਦਾ ਮੰਤਵ ਦਸਿਆ ਤੇ ਬੇਨਤੀ ਕੀਤੀ ਕਿ ਅਵਲ ਤਾਂ ਅੰਦਰ ਅੰਗੀਠਾ ਸਾਹਿਬ ਦੇ ਥੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਬ੍ਰਜਮਾਨ ਕੀਤੀ ਜਾਵੇ (ਭਾਵੇਂ ਸੁਖਾਸਣ ਹੀ) ਜੇ ਨਹੀਂ ਤਾਂ ਅੰਗੀਠਾ ਸਾਹਿਬ ਦੇ ਬਾਹਰ ਖਬੇ ਪਾਸੇ ਜਿਥੇ ਰਾਗੀ ਸਿੰਘ ਬੈਠਦੇ ਹਨ ਉਥ ਸਾਹਿਬਾਂ ਦਾ ਪ੍ਰਕਾਸ਼ ਕੀਤਾ ਜਾਵੇ ਤਾਂ ਜੁ ਆਉਣ ਵਾਲੀ ਸੰਗਤ ਨੂੰ ਸਤਿਗੁਰਾਂ ਦੇ ਸਨਮੁਖ ਦੀਦਾਰ ਹੋ ਸਕਣ ਅਤੇ ਹੋਰ ਸਾਰੀਆਂ ਭੇਟਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੜ੍ਹਾਈਆਂ ਜਾਵਨ।

ਪੁਜਾਰੀ ਜੀ ਨੇ ਲਾਗੇ ਉਪਸਥਿਤ ਇਕ ਸੰਤ ਸਾਹਿਬ ਨਾਲ ਵਿਚਾਰ ਵਟਾਂਦਰਾ ਕਰਨ ਲਈ ਹੁਕਮ ਕੀਤਾ ਤੇ ਆਪ ਫਿਰ ਸੰਗਤਾਂ ਦੀ ਸੇਵਾ ਵਿਚ ਜੁਟ ਗਏ। ਸੰਤ ਜੀ ਨੇ ਫੁਰਮਾਇਆ:—

੧. ਇਹ ਅੰਗੀਠਾ ਸਾਹਿਬ ਨਹੀਂ ਜਿਹਾ ਕਿ ਕਿਹਾ ਅਤੇ ਸਮਝਿਆ ਜਾਂਦਾ ਹੈ ਕਿਉਂ ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜੇ ਜੋਤੀ ਜੋਤ ਨਹੀਂ ਸਮਾਏ ਤੇ ਐਸਾ ਸਮਝਣਾ ਕੁਫਰ ਹੈ।

੨. ਸਾਰੀਆਂ ਭੇਟਆਵਾਂ ਥੜੇ ਸਾਹਿਬ ਤੇ ਚੜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪ ਕੀਤੀਆਂ ਜਾਂਦੀਆਂ ਹਨ।

੩. ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖ. ਸ੍ਰੀ ਅਨੰਦਪੁਰ ਸਾਹਿਬ ਉਤੇ ਵੀ ਇਸੇ ਤਰ੍ਹਾਂ ਥੜੇ ਸਾਹਿਬਾਂ ਦੀ ਜਿਨਾਂ ਉਤੇ ਗੁਰੂ ਕੇ ਸ਼ਸਤਰ ਬ੍ਰਾਜਮਾਨ ਹਨ ਪੂਜਾ ਹੁੰਦੀ ਹੈ।

੪. ਇਹ ਥੜੇ ਸਾਹਿਬ ਦੀ ਪੂਜਾ ਭਾਈ ਗੁਰਦਾਸ ਜੀ ਦੇ ਹੇਠ ਲਿਖੇ-ਕਥਨ ਅਨੁਸਾਰ ਹੈ। ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।

ਇਸ ਦੇ ਉਤਰ ਵਿਚ ਡੈਪੂਟੇਸ਼ਨ ਦੇ ਵਖ ਵਖ ਸਿੰਘਾਂ ਵਲੋਂ ਉਤਰ ਇਸ ਪ੍ਰਕਾਰ ਦਿਤੇ ਗਏ:—

੧. ਗੁਰੂ ਗੋਬਿੰਦ ਸਿੰਘ ਜੀ ਸਰੀਰ ਕਰਕੇ ਬਾਕੀ ਗੁਰੂ ਵਿਅਕਤੀਆਂ ਵਾਂਗੂ ਜੋਤੀ ਜੋਤਿ ਸਮਾਇ ਅਤੇ ਜੋਤੀ ਜੋਤ ਸਮਾਵਣ ਤੋਂ ਪਹਿਲਾਂ ਗੁਰਗਦੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਕੀ ਹੋਰ


www.AKJ.Org

ਗੁਰ ਵਿਅਕਤੀਆਂ ਜੋਤ ਕਰਕੇ ਸਦਾ ਸਜੀਵ ਅਤੇ ਖਾਲਸਾ ਦੇ ਅੰਗ ਸੰਗ ਹਨ ਪਰ ਸਤਿਗੁਰਾਂ ਦਾ ਸਰੀਰ ਕਰਕੇ ਅਜੇ ਤਕ ਤਖਤ ਸਾਹਿਬ ਦੇ ਅੰਦਰ ਮੌਜੂਦ ਹੋਣਾ ਅਤੇ ਗੁਪਤ ਵਰਤਦੇ ਮਿਥ ਲੈਣਾ ਜੋਗ ਨਹੀਂ।

੨. ਭੇਟਾਵਾਂ ਸਾਖਿਆਤ ਗੁਰੂ ਅਤੇ ਗੁਰਗਦੀ ਪ੍ਰਾਪਤ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਣ ਹੋਣੀਆਂ ਚਾਹੀਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗਦੀ ਸੌਂਪ ਮਥਾ ਟੇਕਿਆ।

੩. ਤਖਤ ਸ੍ਰੀ ਅਕਾਲ ਤਖ਼ਤ ਅਤੇ ਤਖ਼ਤ ਕੇਸਗੜ੍ਹ ਅਨੰਦਪੁਰ-ਸਾਹਿਬ ਵਿਖੇ ਸ਼ਸਤਰਾਂ ਦਾ ਸਤਿਕਾਰ ਹੈ ਜੋ ਅਵਸ਼ ਜ਼ਰੂਰੀ ਹੈ ਪਰ ਪੂਜਾ ਨਹੀਂ। ਪੂਜਾ ਗੁਰ-ਸ਼ਬਦ ਅਤੇ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ।

੪. ਗੁਰੂ ਸਚੇ ਪਾਤਸ਼ਾਹ ਨੇ ਆਪਣੇ ਚਰਨਾਂ ਕਵਲਾਂ ਦੁਆਰਾਂ ਹੋਰ ਵੀ ਬਹੁਤ ਧਰਤੀ ਪਵਿੱਤਰ ਕੀਤੀ-ਮੁਬਾਰਕ ਹੈ ਉਹ ਧਰਤੀ। ਸਿਖ ਉਥੋਂ ਦੀ ਧੂੜ ਮਥੇ ਤੇ ਲਾਉਂਦੇ ਹਨ ਪਰ ਪੂਜਾ ਗੁਰ ਸ਼ਬਦ ਦੀ ਹੀ ਆਦ ਕਾਲ ਤੋਂ, ਪ੍ਰਮਾਣ, ਹੈ। ਭਾਈ ਗੁਰਦਾਸ ਜੀ ਦੀ ਰਚਿਤ ਬਾਣੀ ਵੀ ਸ਼ਬਦ-ਪੂਜਾ ਦ੍ਰਿੜਾਉਂਦੀ ਹੈ।

ਯਥਾ—

ਪੂਜ ਮੂਲ ਸਤਿਗੁਰ ਚਰਣ,
ਦੂਤੀਆਂ ਨਾਸਤਿ ਲਵੈ ਨ ਲਾਵੇ।

ਕੋਈ ਅਧਾ ਘੰਟਾ ਵਿਚਾਰ ਵਟਾਂਦਰੇ ਮਗਰੋਂ ਸੰਤ ਸਾਹਿਬ ਨੇ ਫੁਰਮਾਇਆ ਕਿ ਪ੍ਰਚਲਤ ਮਰਯਾਦਾ ਬਹੁਤ ਦੇਰ ਤੋਂ ਚਲੀ ਆ ਰਹੀ ਹੈ ਇਸ ਵਿਚ ਕੋਈ ਤਬਦੀਲੀ ਕਿਸੇ ਇਕ ਵਿਅਕਤੀ ਦਵਾਰਾ ਕੀਤੀ ਜਾਣੀ ਅਸੰਭਵ ਹੈ ਸੋ ਅਸੀਂ ਸੰਤਾਂ ਨੂੰ ਫਤਹਿ ਗਜਾ ਵਾਪਸ ਆ ਗਏ।

ਸੋ ਇਸ ਵਿਥਿਆ ਦੁਆਰਾ ਦਾਸ ਸਮੂਹ ਸੰਗਤਾਂ ਅਤੇ ਸਿਖ ਸੰਸਥਾਵਾਂ ਦਾ ਧਿਆਨ ਇਸ ਪਾਸੇ ਦਿਵਾਉਂਦਾ ਹੈ ਤੇ ਸਨਿਮਰ ਬੇਨਤੀ ਕਰਦਾ ਹੈ:—

## ਸਿਖ ਸੰਗਤਾਂ ਪ੍ਰਤੀ ਬੇਨਤੀ

ਇਹ ਵਿਥਿਆ ਪੜ੍ਹਕੇ ਗਹੁ ਨਾਲ ਵਿਚਾਰੀ ਜਾਵੇ ਤੇ ਫਿਰ ਆਪਣੇ ਵਿਚਾਰ ਹੇਠ ਲਿਖੀਆਂ ਸੰਸਥਾਵਾਂ ਨੂੰ ਭੇਜੇ ਜਾਵਨ:—

੧. ਪੁਜਾਰੀ ਸਾਹਿਬ ਤਖਤ ਸ੍ਰੀ ਹਜ਼ੂਰ ਸਾਹਿਬ ਨਦੇੜ।

੨. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

੩. ਗੁ: ਮੈਨੇਜਮੈਂਟ ਬੋਰਡ ਮਾਰਫ਼ਤ ਮੈਨੇਜਰ ਸ੍ਰੀ ਸਚਖੰਡ ਹਜ਼ੂਰ ਸਾਹਿਬ ਨਦੇੜ।

## ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਪ੍ਰਤੀ ਬਿਨੈ

ਤਖਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਨੂੰ ਬਦਲਣ ਵਿਚ ਸਹਾਇਤਾ ਵਜੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਅਤੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਜਿਨ੍ਹਾਂ ਥੜਿਆਂ ਉਤੇ ਸ਼ਸਤਰ ਬਿਰਾਜਮਾਨ ਹਨ ਉਹਨਾਂ ਉਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਸਥਾਪਤ ਕੀਤੀ ਜਾਵੇ, ਭਾਵੇਂ (ਸੁਖਾਸਣ ਹੀ), ਤੇ ਆਸੇ ਪਾਸੇ ਸ਼ਸਤਰ ਸ਼ੁਸ਼ੋਭਤ ਕੀਤੇ ਜਾਵਨ। ਇਥੇ ਇਹ ਗਲ ਵਰਨਣ ਕਰਨਾ ਯੋਗ ਹੋਵੇਗੀ ਕਿ ਗੁਰਦਵਾਰਾ ਸ੍ਰੀ ਸੀਸ ਗੰਜ ਚਾਂਦਨੀ ਚੌਕ ਦਿਲੀ ਵਿਖੇ ਹੇਠਲੇ ਭੋਰੇ ਵਿਚ ਪਹਿਲਾਂ ਕੇਵਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਫੋਟੋ ਹੀ ਰਖੀ ਹੋਈ ਸੀ ਜਿਸ ਨੂੰ ਸੰਗਤਾਂ ਮਥਾ ਟੇਕਦੀਆਂ ਸਨ, ਇਹ ਯੋਗ ਨਹੀਂ ਸੀ। ਕੁਝ ਕੁ ਗੁਰਮਤਿ ਹਿਤੈਸ਼ੀਆਂ ਦੇ ਸੁਝਾਓ ਨੂੰ ਮੁਖ ਰਖ ਕੇ ਉਥੇ ਪੰਘੂੜੇ ਉਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਦੇਹ (ਸੁਖਾਸ਼ਣ) ਬਿਰਾਜਮਾਨ ਕੀਤੀ ਗਈ। ——



www.AKJ.Org

# ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ

( ਲੜੀ ਨੰਬਰ ੩ )

## ਭੁਪਾਲ ਵਿਖੇ ਕੀਰਤਨ

ਮਿਤੀ ੨-੧੦-੬੭ ਨੂੰ ਸਿੰਘਾਂ ਨੇ ਸਾਢੇ ੫ ਵਜੇ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕਰ ਦਿਤਾ। ਬੜੀ ਹੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ। ਇਕ ਵਜੇ ਦੁਪੈਹਰ ਕੀਰਤਨ ਦੀ ਸਮਾਪਤੀ ਹੋਈ ਅਤੇ ਸੰਗਤਾਂ ਨੇ ਪਰਸ਼ਾਦਾ ਛਕ ਆਰਾਮ ਕੀਤਾ।

੪ ਵਜ ਸ਼ਾਮ ਅੰਮ੍ਰਿਤ ਸੰਚਾਰ ਆਰੰਭ ਹੋਇਆ ਅਤੇ ਰਾਤ ਸਾਢੇ ੮ ਵਜੇ ਕੀਰਤਨ ਰੈਣ ਸਬਾਈ ਆਰੰਭ ਹੋਇਆ ਸਾਰੀ ਰਾਤ ਕੀਰਤਨ ਦੀ ਅੰਮ੍ਰਿਤ ਵਰਖਾ ਹੁੰਦੀ ਰਹੀ ਅਤੇ ਅੰਮ੍ਰਿਤ ਵੇਲੇ ਸਾਢੇ ੬ ਵਜੇ ਰੈਣ ਸਬਾਈ ਦਾ ਭੋਗ ਪਾਇਆ ਗਿਆ। ਇਸ ਜਗਾ ਤਕਰੀਬਨ ੪੦ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪਰਾਪਤ ਕੀਤੀ।

## ਦਰਸ਼ਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕਸਰ ਭੁਪਾਲ

ਮਿਤੀ ੨-੧੦-੬੭ ਨੂੰ ਸ਼ਹਿਰ ਵਿਚ ਹਮੀ-ਦੀਆਂ ਰੋਡ ਪਰ ਸੰਗਤਾਂ ਬਸਾਂ ਰਾਹੀ ਗੁਰਦੁਆਰਾ ਨਾਨਕ ਸਰ ਪੁਜੀਆਂ। ਇਸ ਅਸਥਾਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਰਨ ਪਰਸੇ ਸਨ ਪਰੰਤੂ ਇਥੇ ਦੇ ਵਸਨੀਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਪੁਛ ਭਾਲ ਨਾ ਕੀਤੀ। ਜਿਸ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਇਥੋਂ ਉਠ ਦੋ ਮੀਲ ਦੀ ਦੂਰੀ ਪਰ ਇਕ ਪਹਾੜੀ ਪਰ ਜਾ ਬਰਾਜੇ। ਉਸ ਅਸਥਾਨ ਪਰ ਇਕ ਕੋੜ੍ਹੀ ਰਹਿੰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋੜ੍ਹੀ ਦਾ ਰੋਗ ਮਿਟਾਇਆ। ਸ਼ੈਹਰ ਦੇ ਵਸਨੀਕਾਂ ਨੂੰ ਜਦ ਇਸ ਵਾਰਤਾ ਦਾ ਪਤਾ ਲਗਾ ਤਾਂਸੰਗਤਾਂ ਉਥੇ ਪੁਜੀਆਂ ਅਤੇ ਸ੍ਰੀਗੁਰੂ ਨਾਨਕ ਦੇਵ ਜੀ ਨੂੰ ਵਾਪਸ ਲੈ ਆਂਦਾ। ਇਸ ਗੁਰਦੁਆਰਾ ਸਾਹਿਬ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਥ ਲਿਖੀ ਬੀੜ ਭੀ ਹੈ। ਸੰਗਤਾਂ ਨੇ ਉਸ ਦੇ ਪ੍ਰਕਾਸ਼ ਕਰਵਾ ਕੇ ਬੜੇ ਉਤਸ਼ਾਹ ਨਾਲ ਖੁਲੇ ਦਰਸ਼ਨ ਕੀਤੇ ਫਿਰ ਸੰਗਤਾਂ ਨੇ ਗੁਰਦੁਆਰਾ ਟੀਕਰੀ ਸਾਹਿਬ ਲਈ ਚਲ ਪਈਆਂ।

## ਦਰਸ਼ਨ ਗੁਰਦੁਵਾਰਾ ਟੀਕਰੀ ਸਾਹਿਬ ਭੁਪਾਲ

ਇਹ ਉਹ ਹੀ ਪਵਿਤ੍ਰ, ਅਸਥਾਨ ਹੈ ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਮੇਹਰਾਂ ਦੇ ਸਾਈਂ ਨੇ ਉਸ ਕੋੜ੍ਹੀ ਦਾ ਰੋਗ ਜਲ ਦੇ ਛਿਟੇ ਮਾਰ ਕੇ ਦੂਰ ਕੀਤਾ ਸੀ। ਉਸ ਕੋੜ੍ਹੀ ਦੀ ਕੁਟੀਆ ਹੁਣ ਤਕ ਮੌਜੂਦ ਹੈ ਅਤੇ ਇਹ ਪਹਾੜੀ ਪਰ ਹੈ। ਉਸ ਕੁਟੀਆ ਦੇ ਸਾਹਮਣੇ ਇਕ ਬਹੁਤ ਵਡਾ ਪੱਥਰ ਭੀ ਪਿਆ ਹੈ ਜਿਸ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਪੈਰਾਂ ਭਾਰ



www.AKJ.Org

ਬੈਠੇ ਸਨ ਅਤੇ ਉਸ ਕੋੜ੍ਹੀ ਨੂੰ ਜਲ ਦੇ ਛਟੇ ਮਾਰੇ ਸਨ। ਉਸ ਪਥਰ ਪਰ ਦੋਵਾਂ ਖੜਾਵਾਂ ਦੇ ਨਿਸ਼ਾਨ ਮੌਜੂਦ ਹਨ ਇਸ ਅਸਥਾਨ ਪਰ ਭੀ ਛੋਟੇ ਜਹੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ, ਇਮਾਰਤ ਅਜੇ ਤਕ ਨਹੀਂ ਬਣ ਸਕੀ।

## ਦਰਸ਼ਨ ਬਾਉਲੀ ਸਾਹਿਬ ਭੁਪਾਲ

ਇਹ ਉਹ ਪਵਿਤ੍ਰ ਅਸਥਾਨ ਹੈ ਜਿਥੇ ਗੁਰੂ ਨਾਨਕ ਸਾਹਿਬ ਨੇ ਉਸ ਕੋਹੜੀ ਲਈ ਜਿਸ ਦਾ ਇਤਹਾਸ ਉਪਰ ਆ ਚੁਕਾ ਹੈ ਪਥਰ ਚੁਕਿਆ ਜਲ ਦਾ ਚਸ਼ਮਾ ਨਿਕਲਿਆ ਜਿਸ ਦਾ ਨਾਂਓ ਬਾਉਲੀ ਸਾਹਿਬ ਰਖਿਆ ਅਤੇ ਇਸ ਜਲ ਦੇ ਛਟੇ ਕੋਹੜੀ ਨੂੰ ਮਾਰਕੇ ਉਸ ਦਾ ਕਸ਼ਟ ਰੋਗ ਦੂਰ ਕੀਤਾ ਜਿਸ ਨੂੰ ਕਿਸੇ ਪਰ-ਇਸਤਰੀ ਨਾਲ ਕੁਕਰਮ ਕਰਨ ਕਰਕੇ ਕੁਸ਼ਟ ਰੋਗ ਹੋ ਗਿਆ ਸੀ ਅਤੇ ਉਸ ਰੋਗ ਕਾਰਨ ਹੀ ਉਸ ਦੀ ਝੁੱਗੀ ਬਾਹਰ ਪਾਈ ਪਈ। ਇਹ ਅਸਥਾਨ ਗੁਰਦੁਆਰਾ ਟੀਕਰੀ ਸਾਹਿਬ ਦੇ ਚੜ੍ਹਦੇ ਵਲ ਕੋਈ ਦੋ ਫਰਲਾਂਗ ਪਹਾੜੀ ਦੀ ਜੜ ਵਿਚ ਹੈ। ਇਥੇ ਹੁਣ ਸਿਰਫ ਨਿਸ਼ਾਨ ਸਾਹਿਬ ਹੀ ਝੂਲ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਨ ਦੀ ਵਿਚਾਰ ਹੋ ਰਹੀ ਹੈ। ਸੰਗਤਾਂ ਨੇ ਦਰਸ਼ਨ ਕਰ ਇੰਦੌਰ ਲਈ ਚਾਲੇ ਪਾਏ।

## ਇੰਦੌਰ ਲਈ ਤਿਆਰੇ

ਸਾਡੀਆਂ ਬਸਾਂ ਭੁਪਾਲ ਤੋਂ ਸਾਢੇ ੧੦ ਵਜੇ ਚਲੀਆਂ, ਰਸਤੇ ਵਿਚ ਦੋਪਹਿਰ ਦਾ ਲੰਗਰ ਤਹਿਸੀਲ ਸੋਨਕਚ ਗੁਰਦੁਆਰਾ ਸਾਹਿਬ ਵਿਖੇ ਜਾ ਛਕਿਆ ਜੋ ਅਸੀਂ ਭੁਪਾਲ ਤੋਂ ਨਾਲ ਹੀ ਲੈਕੇ ਤੁਰੇ ਸੀ ਅਤੇ ਠੀਕ ੪ ਵਜੇ ਸ਼ਾਮ ਸਾਡੀਆਂ ਬਸਾਂ ਇੰਦੌਰ ਸ਼ਹਿਰ ਵਿਚ ਪੁਜ ਗਈਆਂ।

## ਦਰਸ਼ਨ ਗੁਰਦੁਆਰਾ ਸਾਹਿਬ

### ਸ੍ਰੀ ਗੁਰੂ ਸਿੰਘ ਸਭਾ (ਇਮਲੀ ਸਾਹਿਬ)

### ਇੰਦੌਰ

ਸਾਢੇ ਚਾਰ ਵਜੇ ਸੰਗਤਾਂ ਗੁਰਦੁਆਰਾ ਇਮਲੀ ਸਾਹਿਬ ਇੰਦੌਰ ਪੁਜੀਆਂ ਜਿਥੇ ਰਿਹਾਇਸ਼ ਲੰਗਰ ਅਤੇ ਕੀਰਤਨ ਪਰੋਗਰਾਮ ੭ ਤੋਂ ੧੧ ਸ਼ਾਮ ਤਕ ਬੜੀ ਚੜ੍ਹਦੀ ਕਲਾ ਵਿਚ ਕੀਰਤਨ ਕੀਤਾ ਅਤੇ ਭੋਗ ਮਗਰੋਂ ਰਾਤ ਬਿਸਰਾਮ ਕੀਤਾ।

੩-੧੦-੬੭ ਨੂੰ ਸੰਗਤਾਂ ਨਿਤ ਕਰਮ ਅਨੁਸਾਰ ਤਿਆਰ ਹੋ ਠੀਕ ੫ ਵਜੇ ਸਵੇਰੇ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਆਰੰਭ ਕੀਤਾ ਜਿਸ ਵਿਚ ਅਖੰਡ ਕੀਰਤਨੀ ਜਥਾ ਪਟਿਆਲਾ ਨੇ ਭੀ ਕੀਰਤਨ ਕੀਤਾ ਜੋ ਰਾਤ ਨੂੰ ੩੫੦ ਮੀਲ ਦਾ ਸਫਰ ਕਰਕੇ ਆਗਰਾ ਤੋਂ ਇਥੇ ਪੁਜੇ ਸਨ ਅਤੇ ਇਸ ਜਗਾ ਆ ਕਰ ਚੰਡੀਗੜ੍ਹ ਅਤੇ ਪਟਿਆਲੇ ਦੀ ਬਸ ਦਾ ਅਤੇ ਸੰਗਤ ਦਾ ਮੇਲ ਹੋਇਆ। ੮ ਬਜੇ ਤਕ ਵਡੀ ਹੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ।

ਇਸ ਗੁਰਦੁਆਰੇ ਵਿਚ ਇਮਲੀ ਦਾ ਇਕ ਵਡਾ ਸਾਰਾ ਰੁਖ ਸੀ ਅਤੇ ਇਸ ਨਾਲ ਹੀ ਖੂਹ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਉਜੈਨ ਤੋਂ ਹੁੰਦੇ ਹੋਏ ਇੰਦੌਰ ਆਏ ਸਨ ਜੋ ਇਥੋਂ ੧੮ ਮੀਲ ਦੀ ਦੂਰੀ ਪਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਇਮਲੀ ਹੇਠ ਆ ਬਿਰਾਜੇ ਜਿਥੇ ਅਜ ਕਲ ਗੁਰਦੁਆਰੇ ਦੀ ਸੁੰਦਰ ਇਮਾਰਤ ਬਣੀ ਹੋਈ ਹੈ ਅਤੇ ਇਸ ਗੁਰਦੁਆਰਾ ਸਾਹਿਬ ਦਾ ਨਾਉਂ ਸ੍ਰੀ ਗੁਰੂ ਸਿੰਘ ਸਭਾ (ਇਮਲੀ ਸਾਹਿਬ) ਦੇ ਨਾਉਂ ਮਸ਼ਹੂਰ ਹੈ।



www.AKJ.Org

## ਸੰਗਤਾਂ ਦੇ ਦਿਉਲਾਲੀ ਲਈ ਤਿਆਰੇ

ਸਾਡੀਆਂ ਬਸਾਂ ਠੀਕ ੯ ਬਜੇ ਨੂੰ ਦਿਉਲਾਲੀ ਲਈ ਚਲ ਪਈਆਂ ਅਤੇ ਦੋਪੈਹਰ ਦਾ ਲੰਗਰ ਰਸਤੇ ਵਿਚ ਹੀ ਸੜਕ ਦੇ ਕਿਨਾਰੇ ਬੈਠ ਕੇ ਸੰਗਤਾਂ ਨੇ ਛਕਿਆ। ਇਹ ਸੰਗਤਾਂ ਦਾ ਪਹਿਲਾ ਦਿਨ ਸੀ ਜਦ ਕਿ ਸੜਕ ਕਿਨਾਰੇ ਹੀ ਲੰਗਰ ਛਕਿਆ। ਸੜਕ ਪਰ ਸਿੰਘਾਂ ਦੀ ਛਾਵਣੀ ਦਾ ਇਕ ਅਲੋਕਿਕ ਦ੍ਰਿਸ਼ ਦਿਖਾਈ ਦੇ ਰਿਹਾ ਸੀ ਅਤੇ ਰਾਹ ਜਾਂਦੇ ਲੋਕ ਬੜੇ ਹੈਰਾਨ ਸਨ ਕਿ ਇਹਨਾਂ ਨੇ ਜੰਗਲ ਵਿਚ ਮੰਗਲ ਬਣਾਇਆ ਹੋਇਆ ਹੈ ਅਤੇ ਪੁਛਦੇ ਸਨ ਕਿ ਸਰਦਾਰ ਲੋਕ ਕਿੱਧਰ ਸੇ ਆਇਆ ਹੈ ਔਰ ਕਿਧਰ ਕੋ ਜਾ ਰਹਾ ਹੈ। ਉਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਭਵਰੇ ਪਵਿਤ੍ਰ ਗੁਰਧਾਮਾਂ ਦੀ ਯਾਤਰਾ ਲਈ ਪੰਜਾਬੋਂ ਆਏ ਹਨ। ਸਾਰਾ ਦਿਨ ਬਸਾਂ ਸੜਕਾਂ ਦੇ ਮੋੜ ਗੇੜ ਕਟਦੀਆਂ ਅਤੇ ਪਹਾੜਾਂ ਦੀ ਚੜ੍ਹਾਈ ਚੜ੍ਹਦੀਆਂ ਰਾਤ ੧੦ ਵਜੇ ਦਿਉਲਾਲੀ ਪੁਜੀਆਂ ਪਟਿਆਲੇ ਦੀ ਬਸ ਜੋ ਸਾਡੇ ਤੋਂ ੨ ਘੰਟੇ ਪਹਿਲੇ ਹੀ ਪੁਜ ਚੁਕੀ ਸੀ। ਉਹ ਭੀ ਦਿਉਲਾਲੀ ਦੀ ਸੰਗਤਾਂ ਨਾਲ ਖੜੀ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਵਾਗਤ ਕੀਤਾ ਪਟਿਆਲੇ ਦਾ ਅਖੰਡ ਕੀਰਤਨੀ ਜਥਾ ਰੈਣ ਸਬਾਈ ਕੀਰਤਨ ਆਰੰਭ ਕਰੀ ਬੈਠਾ ਸੀ। ਇਸ ਸ਼ਬਦ ਦਾ ਉਚਾਰਨ ਭਾਈ ਸੁਰਜੀਤ ਸਿੰਘ ਜੀ ਪਟਿਆਲਾ ਕਰ ਰਹੇ ਸਨ।

(ਦਿਲ) ਰੈਣ ਜੋ ਪ੍ਰਭ ਕੋ ਸੇਵੰਦੇ

ਸਾਰੀ ਰਾਤ ਬੜਾ ਚੜ੍ਹਦੀ ਕਲਾ ਵਿਚ ਅਨੰਦ ਮਈ ਕੀਰਤਨ ਹੋਇਆ ਅਤੇ ੪-੧੦-੬੭ ਨੂੰ ਅੰਮ੍ਰਿਤ ਵੇਲੇ ੭ ਬਜੇ ਰੈਣ ਸਬਾਈ ਦਾ ਭੋਗ ਪਾਇਆ ਗਿਆ। ਸੰਗਤ ਨੇ ਲੰਗਰ ਛਕ ਬੰਬਈ ਲਈ ਕਮਰ ਕਸੇ ਕਰ ਲਏ, ਬੰਬਈ ਦੀ ਸਵਾਂਗਤ ਕਮੇਟੀ ਨੇ ਦੋ ਸਿੰਘ ਦਿਉਲਾਲੀ ਪਹਿਲੇ ਹੀ Gidance ਲਈ ਭੇਜੇ ਹੋਏ ਸਨ। ਉਹ ਭੀ ਸਾਡੀਆਂ ਬਸਾਂ ਵਿਚ ਹੀ Gidance ਲਈ ਬੈਠ ਗਏ ਅਤੇ ਦਿਉਲਾਲੀ ਦੀ ਸੰਗਤ ਤੋਂ ਜੈਕਾਰਿਆਂ ਦੀ ਗੂੰਜ ਨਾਲ ਵਿਧਾ ਹੋਏ। ਸਾਢੇ ੮ ਬਜੇ ਬਸਾਂ ਨੇ ਬੰਬਈ ਵਲ ਨੂੰ ਮੂੰਹ ਕਰ ਦਿਓ ਦੌੜੀਆਂ ਕਿ ਬੰਬਈ ਦੀਆਂ ਸੰਗਤਾਂ ਦੀਆਂ ਉਡੀਕ ਤਾਂਘਾਂ ਮਿੰਟਾਂ ਵਿਚ ਪੂਰੀਆਂ ਕਰ ਦੇਣਗੀਆਂ। ਪਰ ਗੁਰੂ ਭਾਣੇ ਅਨੁਸਾਰ ਕੁਝ ਮੀਲ ਦੂਰ ਜਾ ਕੇ ਚੰਡੀਗੜ ਦੀਆਂ ਬਸਾਂ ਵਿਚੋਂ ਇਕ ਬਸ ਦਾ ਪਟਾ ਟੁਟ ਗਿਆ ਜਿਸਨੂੰ ਬਦਲਣ ਲਈ ਦੋ ਘੰਟੇ ਦਾ ਸਮਾਂ ਚੰਡੀਗੜ ਦੀਆਂ ਬਸਾਂ ਨੂੰ ਉਥੇ ਹੀ ਠਹਿਰਨਾ ਪਿਆ ਅਤੇ ਪਟਿਆਲੇ ਵਾਲੀ ਬਸ ਨੂੰ ਬੰਬਈ ਲਈ ਤੋਰ ਦਿਤਾ ਗਿਆ ਤਾਕਿ ਬੰਬਈ ਦੀ ਸੰਗਤ ਨੂੰ ਜ਼ਿਆਦਾ ਉਡੀਕ ਨਾ ਕਰਨੀ ਪਵੇ। ਪਿਛੋਂ ਬਸ ਠੀਕ ਹੋਣ ਪਰ ਸਾਡੀਆਂ ਬਸਾਂ ਨੇ ਭੀ ਬੰਬਈ ਨੂੰ ਚਾਲੇ ਪਾਏ।

## ਸੰਗਤਾਂ ਦਾ ਬੰਬਈ ਪੁਜਣਾ ਅਤੇ ਸਵਾਗਤ

ਸ਼ਾਮ ਨੂੰ ੪ ਵਜੇ ਸਾਡੀਆਂ ਬਸਾਂ ਸ੍ਰੀ ਗੁਰੂ ਸਿੰਘ ਸਭਾ ਦਾਦਰ ਬੰਬਈ ਪੁਜ ਗਈਆਂ ਸੰਗਤਾਂ ਅਗੇ ਉਡੀਕ ਵਿਚ ਖੜੀਆਂ ਸਨ ਤੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਸਾਡਾ ਸਵਾਗਤ ਕੀਤਾ ਅਤੇ ਨਾਲ ਹੀ ਇਹ ਸ਼ਬਦ ਉਚਾਰਿਆ ਗਿਆ।

ਭਾਗਠੜੇ ਹਰਿ ਸੰਤ ਤੁਮਾਰੇ,
ਜਿਨ ਘਰ ਧਨ ਹਰਿ ਨਾਮਾ ॥



www.AKJ.Org

ਸ਼ਬਦ ਅਜੇ ਉਚੀ ਸੁਰ ਵਿਚ ਉਚਾਰਨ ਹੋਇਆ ਸੀ ਕਿ ਦੇਖਦਿਆਂ ਹੀ ਉਪਰੋਂ ਗੁਰਦਵਾਰਾ ਸਾਹਿਬ ਦੀ ਪੰਜਵੀਂ ਮੰਜ਼ਲ ਤੋਂ ਰੰਗ ਬਰੰਗੇ ਫੁਲਾਂ ਦੀ ਬਰਖਾ ਹੋਣੀ ਸ਼ੁਰੂ ਹੋਈ ਮਾਨੋਂ ਉਪਰੋਂ ਅਕਾਸ਼ ਵਿਚੋਂ ਨਿਰੰਕਾਰ ਵਲੋਂ ਫੁਲਾਂ ਦੀ ਵਰਖਾ ਹੋ ਰਹੀ ਹੈ। ਬੰਬਈ ਦੇ ਸਿੰਘਾਂ ਦੀਆਂ ਅੱਖਾਂ ਵਿਚ ਵੈਰਾਗ ਇਤਨਾਂ ਆ ਗਿਆ ਕਿ ਖੁਸ਼ੀ ਵਿਚ ਗਦ ਗਦ ਹੋ ਕਹਿੰਦੇ ਕਿ ਧੰਨ ਹੈਂ ਗੁਰੂ ਸਾਹਿਬ ਆਪ ਨੇ ਸਾਡੇ ਤੇ ਬੜੀ ਕਿਰਪਾ ਕੀਤੀ ਅਤੇ ਸਾਡੀਆਂ ਕਈ ਵਰ੍ਹਿਆਂ ਦੀਆਂ ਆਸਾਂ ਪੂਰੀਆਂ ਕੀਤੀਆਂ। ਸ਼ਬਦ ਦੀ ਸਮਾਪਤੀ ਹੋਣ ਮਗਰੋਂ ਹੀ ਯਾਤਰੂ ਸੰਗਤਾਂ ਵਲੋਂ ਭਾ: ਮਹਿੰਦਰ ਸਿੰਘ ਜੀ ਗੁਰੂ ਕੇ ਢਾਡੀ ਨੇ ਬੀਰ ਰਸ ਵਿਚ ਇਸ ਸ਼ਬਦ ਦਾ ਉਚਾਰਨ ਕੀਤਾ।

ਆਏ ਮਿਲ ਗੁਰਸਿਖ ਆਏ ਮਿਲ।
ਤੂੰ ਮੇਰੇ ਗੁਰੂ ਕੇ ਪਿਆਰੇ, ਤੂੰ ਮੇਰੇ ਗੁਰੂ ਕੇ ਪਿਆਰੇ॥

ਇਸ ਸ਼ਬਦ ਦੀ ਧੁਨੀ ਇਤਨੀ ਉਚੀ ਸ਼ੁਰੂ ਵਿਚ ਹੀ ਸ਼ੁਰੂ ਹੋਈ ਕਿ ਬੰਬਈ ਦੀ ਸੰਗਤ ਹੋਰ ਭੀ ਜ਼ਿਆਦਾ ਵੈਰਾਗ ਵਿਚ ਆ ਗਈ ਅਤੇ ਇਸ ਹਾਲਤ ਵਿਚ ਪੁਜ ਗਏ।

ਮੈਂ ਨੀਰ ਵਹੇ ਵਹਿ ਚਲੈ ਜੀਉ।

ਇਹ ਭੀ ਦ੍ਰਿਸ਼ ਦੇਖਣ ਵਾਲਾ ਸੀ, ਕਿ ਸ਼ਬਦ ਦੀ ਸਮਾਪਤੀ ਤਕ ਉਨ੍ਹਾਂ ਅਥਰੂਆਂ ਨੂੰ ਕੌਣ ਹੋੜ ਸਕਦਾ ਸੀ। ਆਖਰ ਸ਼ਬਦ ਦੀ ਸਮਾਪਤੀ ਹੋਈ। ਪੰਜ ਜੈਕਾਰੇ ਬੰਬਈ ਦੀ ਸੰਗਤ ਵਲੋਂ ਸਵਾਗਤ ਵਜੋਂ ਛਡੇ ਗਏ ਯਾਤਰੂਆਂ ਨੂੰ ਗੁਰਦੁਆਰਾ ਸਾਹਿਬ ਦੀ ਤੀਜੀ ਮੰਜ਼ਲ ਪਰ ਜਿਥੇ ਰਿਹਾਇਸ਼ ਦਾ ਪ੍ਰਬੰਧ ਸੀ, ਭੇਜ ਦਿਤਾ ਗਿਆ। ਬਸਾਂ ਉਪਰੋਂ ਸਾਮਾਨ ਉਤਾਰਨ ਦੀ ਸੇਵਾ ਭੀ ਬੰਬਈ ਦੀ ਹੀ ਸੰਗਤ ਨੇ ਕੀਤੀ। ਕਿਸੇ ਯਾਤਰੂ ਨੂੰ ਹਥ ਨਾ ਲਾਣ ਦੇਣ। ਸਾਮਾਨ ਤੀਜੀ ਮੰਜ਼ਲ ਤਕ ਭੀ ਉਨ੍ਹਾਂ ਨੇ ਹੀ ਸਿਰਾਂ ਤੇ ਲੈ ਜਾਕੇ ਪਹੁੰਚਾਇਆ। ਭਾ: ਮਹਿੰਦਰ ਸਿੰਘ ਜੀ ਗੁਰੂ ਘਰ ਦੇ ਢਾਡੀ ਭੀ ਸਾਮਾਨ ਸਿਰ ਤੇ ਚੁਕੀ ਪੌੜੀਆਂ ਚੜਦੇ ਦੇਖੇ ਗਏ। ਉਨ੍ਹਾਂ ਨੂੰ ਸੰਗਤ ਨੇ ਬਹੁਤ ਹਟਾਇਆ ਕਿ ਸਾਡਾ ਕੰਮ ਹੈ, ਲਖ ਜਤਨ ਕਰਨ ਪਰ ਭੀ ਨ ਹਟੇ ਅਤੇ ਕਹਿਣ ਲਗੇ ਕਿ ਮੈਂ ਸੰਗਤ ਨਾਲ ਵਾਇਦਾ ਪੂਰਾ ਨਹੀਂ ਕੀਤਾ, ਮੈਂ ਬੰਬਈ ਸਿਧਾ ਪਹਿਲੇ ਪੁਜ ਗਿਆ ਹਾਂ। ਇਸ ਲਈ ਮੇਰਾ ਫਰਜ਼ ਹੈ ਕਿ ਸੰਗਤ ਦਾ ਸਾਮਾਨ ਢੋਵਾਂ ਅਤੇ ਪਲੋ ਪਲ ਵਿਚ ਹੀ ਉਨ੍ਹਾਂ ਨੇ ਤਿੰਨ ਚਾਰ ਗੇੜੇ ਸਮਾਨ ਦੇ ਲਾਏ। ਬੰਬਈ ਦੀ ਸੰਗਤ ਨੇ ਸਵਾਗਤ ਸਮੇਂ ਕਈ ਫੋਟੋ ਭੀ ਲਏ। ਸੰਗਤਾਂ ਲਈ ਜੋ ਕੁਝ ਤਿਆਰ ਸੀ ਛਕਣ ਸਾਰ ਸੰਗਤਾਂ ੬ ਵਜੇ ਕੀਰਤਨ ਲਈ ਜੁਟ ਪਈਆਂ। ਸਾਢੇ ੯ ਵਜੇ ਤਕ ਬੜਾ ਅਨੰਦਮਈ ਕੀਰਤਨ ਹੋਇਆ। ਭੋਗ ਮਗਰੋਂ ਸੰਗਤਾਂ ਨੇ ਪ੍ਰਸ਼ਾਦਾ ਛਕ ਰਾਤ ਬਿਸਰਾਮ ਕੀਤਾ।

ਮਿਤੀ-੫-੧੦-੬੭ ਨੂੰ ਅੰਮ੍ਰਿਤ ਵੇਲੇ ਹੀ ਸੰਗਤ ਸ੍ਰੀ ਗੁਰੂ ਸਿੰਘ ਸਭਾ ਦਾਦਰ ਵਿਖੇ ਜੁੜ ਗਈ। ੫ ਵਜੇ ਤੋਂ ੧੧ ਵਜੇ ਤਕ ਬੜੀ ਚੜ੍ਹਦੀ ਕਲਾ 'ਚ ਕੀਰਤਨ ਹੋਇਆ। ਪ੍ਰਸ਼ਾਦਾ ਛਕਣ ਮਗਰੋਂ ਸੰਗਤਾਂ ਨੇ ਬੰਬਈ ਸ਼ਹਿਰ ਦੇ ਕੁਦਰਤੀ ਅਜੂਬ ਦੇਖਣ ਲਈ ਕਮਰ ਕਸੇ ਕਰ ਲਏ। ਸਭ ਤੋਂ ਪਹਿਲਾਂ ਸਮੁੰਦਰ ਕਿਨਾਰੇ ਮਛਲੀਘਰ ਦੇਖਿਆ ਜਿਸ ਵਿਚ ਕਈ ਕਿਸਮ ਦੀਆਂ ਮਛਲੀਆਂ ਰੰਗ ਬਰੰਗੀਆਂ, ਛੋਟੀਆਂ ਵਡੀਆਂ ਤਕਰੀਬਨ ੧੫੦ ਕਿਸਮ ਦੀਆਂ ਸ਼ੀਸ਼ੇ ਦੇ ਖਾਨੇ ਬਣਾ ਕਰ ਪਾਣੀ ਵਿਚ ਨਕਲੀ ਸਮੁੰਦਰ ਬਣਾ ਕੇ ਬੰਦ ਕੀਤੀਆਂ ਹੋਈਆਂ ਸਨ। ਇਸ ਵਿਚ ਖਾਸ ਕਰ



www.AKJ.Org

Turkey Fish ਜਿਸ ਦੇ ਸ਼ਰੀਰ ਪਰ ਕਈ ਕਿਸਮ ਦੇ ਰੰਗ ਬਰੰਗੇ ਫੰਗ (ਪਰ) ਸ਼ਨ, ਇਕ ਹੋਰ ਮਛੀ ਪੂਛ ਕਮਾ ਦੇਖੀ ਗਈ ਜਿਸ ਦਾ ਅਗਲਾ ਸਰੀਰ ਦਾ ਹਿਸਾ ਚਪਟਾ ਅਤੇ ਪੂਛ ਸੱਪ ਵਾਂਗ ਬਹੁਤ ਲੰਬੀ ਸੀ, ਪਾਣੀ ਦੇ ਕਈ ਕਿਸਮ ਦੇ ਸਪ ਅਤੇ ਕਛੂ ਭੀ ਦੇਖੇ ਗਏ। ਤਿੰਨ ਵਜੇ ਬਸਾਂ ਗੇਟ ਵੇ ਔਫ ਇੰਡੀਆ ਲਈ ਚਲ ਪਈਆਂ ਅਤੇ ਉਥੇ ਜਾ ਸਮੁੰਦਰ ਦੇ ਖੁਲੇ ਦਰਸ਼ਨ ਕੀਤੇ। ਸਮੁੰਦਰ ਦਾ ਪਾਣੀ ਭੀ ਕਈਆਂ ਨੇ ਚਖਿਆ ਅਤੇ ਗਲੇ ਸਾਫ ਕਰਨ ਲਈ ਗਰਾਰੇ ਕੀਤੇ। ਸੰਗਤਾਂ ਨੂੰ ਸਟੀਮਰ ਵਿਚ ਸਵਾਰ ਕਰ ਸਮੁੰਦਰ ਦੀ ਸੈਰ ਭੀ ਕਰਵਾਈ ਗਈ। ੪ ਵਜੇ ਸੰਗਤਾਂ ਵਾਪਸ ਹੋਈਆਂ ਅਤੇ ਸ਼ਾਲਾਮਾਰ ਹਿਲਜ਼ (ਬਾਗ਼) ਦੀ ਸੈਰ ਕਰਵਾਈ ਗਈ ਉਸ ਬਾਗ਼ ਵਿਚ ਹਰੀ ਵੇਲ ਨਾਲ ਬਣੇ ਹੋਏ, ਹਾਥੀ, ਘੋੜਾ, ਊਠ, ਗਊ ਜੋ ਬਛੜੇ ਨੂੰ ਦੁੱਧ ਚੁੰਗਾ ਰਹੀ ਸੀ, ਮੋਰ, ਹਿਰਨ, ਹਨੂਮਾਨ ਜੀ, ਲੰਗੂਰ ਅਤੇ ਬੈਲਾਂ ਦੀ ਜੋੜੀ ਹੱਲ ਵਾਉਂਦੀ ਹੋਈ ਪਿਛੇ ਮਨੁਖ ਹਲ ਚਲਾ ਰਿਹਾ ਸੀ ਦੀਆਂ ਹਥ ਕਰਤਵ ਹਰੇਵਾਈ ਵੇਲ ਨਾਲ ਬਣੀਆਂ ਤਸਵੀਰਾਂ ਵੇਖੀਆਂ ਗਈਆਂ। ਉਸ ਬਾਗ਼ ਦੇ ਨੇੜੇ ਹੀ ਕਮਲਾ ਨੈਹਰੂ ਬਾਗ਼ ਅਤੇ ਬੂਟ ਹਊਸ ਤੋਂ ਸ਼ਹਿਰ ਦਾ ਸਾਰਾ ਨਜ਼ਾਰਾ ਦੇਖਿਆ ਗਿਆ। ਵਾਪਸੀ ਵਿਚ ਚੌਪਾਟੀ ਦਾ ਨਜ਼ਾਰਾ ਦੇਖਦੇ ਬਸਾਂ ਰਿਹਾਇਸ਼ ਅਸਥਾਨ ਨੂੰ ੫ ਵਜੇ ਸ਼ਾਮ ਵਾਪਸ ਆ ਗਈਆਂ। ਆਉਂਦੇ ਹੀ ਹੀ ਬਨਫ਼ਸ਼ਾ ਤਿਆਰ ਸੀ, ਸੰਗਤਾਂ ਨੇ ਛਕਣ ਸਾਰ ਗੁਰਦੁਆਰਾ ਸਾਹਿਬ ਕੋਲੀ ਵਾੜੇ ਨੂੰ ਕੀਰਤਨ ਲਈ ਤਿਆਰੇ ਕਰ ਲਏ।

## ਦਰਸ਼ਨ ਗੁਰਦੁਆਰਾ ਕੋਲੀਵਾੜਾ ਸਾਹਿਬ ਅਤੇ ਕੀਰਤਨ

ਸੰਗਤਾਂ ਗੁਰਦਵਾਰਾ ਸਾਹਿਬ ਕੋਲੀਵਾੜਾ ਪੁਜੀਆਂ ਜਿਥੇ ਸ਼ਾਮ ਦੇ ਕੀਰਤਨ ਦਾ ਪਰੋਗਰਾਮ ਸੀ। ਜਦ ਸਾਡੀਆਂ ਬਸਾਂ ਗੁਰਦੁਆਰਾ ਕੋਲੀ-ਵਾੜਾ ਪੁਜੀਆਂ ਤਾਂ ਉਥੇ ਦੇਖਿਆ ਗਿਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਸਾਹਿਬ ਕੀਰਤਨ ਦਾ ਅਨੰਦ ਮਾਨਣ ਲਈ ਜੁੜੀਆਂ ਬੈਠੀਆਂ ਸਨ। ਹਾਲ ਅਤੇ ਗੁਰਦੁਆਰਾ ਸਾਹਿਬ ਦਾ ਵੇਹੜਾ ਖਚੋ ਖਚ ਭਰਿਆ ਹੋਇਆ ਸੀ ਅਤੇ ਸੰਗਤਾਂ ਗੁਰਦੁਆਰਾ ਸਾਹਿਬ ਦੇ ਬਾਹਰ ਸੜਕ ਪਰ ਭੀ ਬੈਠੀਆਂ ਸਨ। ਕੀਰਤਨ ਦੀ ਸਮਾਪਤੀ ੯ ਵਜੇ ਹੋਣੀ ਸੀ ਪਰੰਤੂ ਸੰਗਤ ਦੀ ਖਿਚ ਅਤੇ ਕੀਰਤਨ ਚੜਦੀ ਕਲਾ ਵਿਚ ਹੋਣ ਕਰਕੇ ੧੦ ਵਜ ਗਏ ਹਾਲਾਂਕਿ ਅੰਦਰ ਗਰਮੀ ਇਤਨੀ ਸੀ ਕਿ ਸਾਹ ਘੁਟਿਆ ਜਾ ਰਿਹਾ ਸੀ ਪਰ ਸੰਗਤ ਨੂੰ ਕੀ ਆਖੇ ਗਰਮੀ, ਕੀਰਤਨ ਸੁਣਨ ਵਿਚ ਮਸਤ ਸਨ ਅਤੇ ਕਹਿ ਰਹੀਆਂ ਸਨ ਕਿ ਕੀਰਤਨ ਸੁਨਣ ਦਾ ਅਨੰਦ ਹੀ ਅਜ ਆਇਆ ਹੈ ਅਰਦਾਸੇ ਮਗਰੋਂ ਗੁ: ਸਾਹਿਬ ਕੋਲੀਵਾੜਾ ਦੀ ਸੰਗਤ ਵਲੋਂ ਪ੍ਰਧਾਨ ਸਾਹਿਬ ਨੇ ਅਖੰਡ ਕੀਰਤਨੀ ਜਥਿਆਂ ਦਾ ਧੰਨਵਾਦ ਕੀਤਾ ਅਤੇ ਇਕ ਸੌ ਇਕ ਰੁਪੈ, ਇਕ ਦਸਤਾਰਾ ਸਿਰੋਪਾਓ ਵਜੋਂ ਜਥੇ ਦੇ ਮਾਸਕ ਪੱਤਰ ਸੂਰਾ ਲਈ ਭੇਟਾ ਕੀਤਾ ਗਿਆ, ਜਿਸ ਦੀ ਰਸੀਦ ਮੌਕੇ ਪਰ ਹੀ ਕਟਕੇ ਸੰਗਤ ਦੇ ਹਵਾਲੇ ਕਰ ਦਿਤੀ ਗਈ। ਸੰਗਤਾਂ ਬਸਾਂ ਰਾਹੀਂ ਹੀ ਵਾਪਸ ਦਾਦਰ ਪੁਜੀਆਂ ਅਤੇ ਲੰਗਰ ਛਕ ਰਾਤ ਬਿਸਰਾਮ ਕੀਤਾ।



www.AKJ.Org

# ਦਰਸ਼ਨ ਗੁਰਦੁਆਰਾ ਸਾਹਿਬ ਬਾਂਦਰ ਖਾਰ ਅਤੇ ਕੀਰਤਨ

ਮਿਤੀ ੬-੧੦-੬੭ ਨੂੰ ਸੰਗਤਾਂ ਅੰਮ੍ਰਿਤ ਵੇਲੇ ੫ ਵਜੇ ਤਿਆਰ ਹੋ ਬਸਾਂ ਰਾਹੀਂ ਗੁਰਦੁਆਰਾ ਸਾਹਿਬ ਬਾਂਦਰ ਖਾਰ ਪੁਜੀਆਂ ਅਤੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਦਿਤਾ। ਬੜਾ ਹੀ ਅਨੰਦ ਮਈ ਕੀਰਤਨ ਹੋਇਆ, ੧੧ ਵਜੇ ਕੀਰਤਨ ਦਾ ਭੋਗ ਪਾਇਆ ਗਿਆ। ਲੰਗਰ ਦਾ ਪਰੋਗਰਾਮ ਭੀ ਉਥੇ ਹੀ ਸੀ, ਸੰਗਤਾਂ ਨੇ ਲੰਗਰ ਛਕ, ਇਕ ਬਸ ਗੇਟਵੇ ਆਫ ਇੰਡੀਆ ਲਈ ਭਰ ਲਈ, ਜਿਹੜੀ ਸੰਗਤ Elephanta caves ਦੀਆਂ ਗੁਫਾਂ ਦੇਖਣੀ ਚਾਹੁੰਦੀ ਸੀ ਗਈ। ਸੰਗਤ ਗੇਟਵੇ ਔਫ ਇੰਡੀਆ ੧੨ ਵਜੇ ਪੁਜ ਗਈ ਅਤੇ ਸਟੀਮਰ ਦੀਆਂ ਟਿਕਟਾਂ ਲੈ ਸਮੁੰਦਰ ਰਾਹੀਂ ੪ ਮੀਲ ਦੂਰ ਜਾ ਗੁਫਾਵਾਂ ਦੇਖੀਆਂ ਜੋ ਸਮੁੰਦਰ ਦੇ ਵਿਚ ਹਨ। ਇਥੇ ਬੁਧ ਮੱਤ ਦੀ ਚਿਤਰਕਾਰੀ ਕੀਤੀ ਹੋਈ ਹੈ ਅਤੇ ਇਸ ਦੇ ਵਿਚ ਇਕ ਖੂਹ ਭੀ ਦਸਦੇ ਹਨ, ਜਿਸ ਦਾ ਪਾਣੀ ਮਿਠਾ ਹੈ ਹਾਲਾਂਕਿ ਸਾਰੇ ਸਮੁੰਦਰ ਦਾ ਪਾਣੀ ਖਾਰਾ (ਨਮਕੀਨ) ਹੈ। ਬਾਕੀ ਦੀ ਸੰਗਤ ਕੁਝ ਤਾਂ ਬਿਸਰਾਮ ਕਰਨ ਲਗ ਗਈ ਅਤੇ ਕੁਝ ਬਾਜ਼ਾਰ ਦੀ ਸੈਰ ਨੂੰ ਚੜ ਗਈ। ਸ਼ਾਮ ਨੂੰ ਸਾਢੇ ੪ ਵਜੇ ਦੋਬਾਰਾ ਬਾਂਦਰ ਖਾਰ ਦੇ ਨੇੜੇ ਹੀ ਖਾਲਸਾ ਕਾਲੋਨੀ ਵਿਚ ਇਕ ਪਰੇਮੀ ਸਿੰਘ ਨੇ ਕੀਰਤਨ ਰਖਾ ਲਿਆ। ਜਦ ਵਕਤ ਨੇੜੇ ਆਇਆ ਤਾਂ ਸਿੰਘ ਕਿਥੇ ਲਭਣ, ਹਰਨ ਹੋ ਗਏ, ਪ੍ਰੰਤੂ ਪਰੇਮੀ ਸਿੰਘ ਭੀ ਘਟ ਨਹੀਂ ਸੀ, ਉਸ ਨੇ ਆਪਣੀਆਂ ਕਾਰਾਂ ਭੇਜ ਦਿਤੀਆਂ ਕਿ ਜਿਥੇ ਭੀ ਕੋਈ ਸਿੰਘ ਮਿਲੇ ਲੈ ਆਵੋ। ਦਾਸ ਭੀ ਫਿਰਦਾ ਫਿਰਾਂਦਾ ਉਨਾਂ ਦੇ ਕਾਬੂ ਆ ਗਿਆ, ਬਸ ਕੀ ਸੀ ਆਵਾਜ਼ ਦਿਤੀ ਅਤੇ ਕਾਰ ਵਿਚ ਬਿਠਾ ਲਿਆ, ਰਸਤੇ ਵਿਚ ਜਿਤਨੇ ਸਿੰਘ ਮਿਲੇ ਟੈਕਸੀਆਂ ਵਿਚ ਬਿਠਾ ਦਿਤੇ ਗਏ। ਜਦ ਅਸੀਂ ਉਥੇ ਪੁਜੇ ਤਾਂ ਕੀਰਤਨ ਆਰੰਭ ਸੀ ਅਤੇ ਭਾ: ਮਹਿੰਦਰ ਸਿੰਘ ਜੀ ਗੁਰੂ ਘਰ ਦੇ ਢਾਡੀ ਕੀਰਤਨ ਕਰ ਰਹੇ ਸਨ, ਬੜੀ ਹੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ। ਸਾਢੇ ੬ ਵਜੇ ਕੀਰਤਨ ਦੀ ਸਮਾਪਤੀ ਹੋਈ, ਸਮਾਪਤੀ ਉਪਰੰਤ ਸਿੰਘ ਸਾਹਿਬ ਨੇ ਸੰਗਤ ਦੀ ਫਰੂਟਾਂ ਨਾਲ ਸੇਵਾ ਕੀਤੀ, ਸਿਊ, ਕੇਲੇ, ਨਾਸ਼ਪਾਤੀ ਅਤੇ ਚੀਕੂ ਵੰਡੇ ਗਏ। ਸ਼ਾਮ ਨੂੰ ੭ ਵਜੇ ਫਿਰ ਕੀਰਤਨ ਬਾਂਦਰ ਖਾਰ ਸੀ, ਜਿਹੜਾ ਸਿੰਘ ਗੁਰਦੁਆਰਾ ਸਾਹਿਬ ਵੜੇ ਉਹਨੂੰ ਲੰਗਰ ਛਕੇ ਬਿਨਾਂ ਕੀਰਤਨ ਵਿਚ ਨਾ ਜਾਣ ਦੇਣ। ਕੀਰਤਨ ਦਾ ਭੋਗ ਸਾਢੇ ੧੦ ਵਜੇ ਰਾਤ ਪਿਆ ਅਤੇ ਸੰਗਤਾਂ ਬਸਾਂ ਰਾਹੀਂ ਵਾਪਸ ਗੁਰਦੁਆਰਾ ਸਾਹਿਬ ਦਾਦਰ ਪੁਜੀਆਂ ਅਤੇ ਰਾਤ ਬਿਸਰਾਮ ਕੀਤਾ।

# ਦਰਸ਼ਨ ਗੁਰਦੁਆਰਾ ਸਾਹਿਬ ਮਟੰਗਾ ਬੰਬਈ ਅਤੇ ਕੀਰਤਨ

ਮਿਤੀ ੭-੧੦-੬੭ ਨੂੰ ਸੰਗਤਾਂ ਨਿਤ ਕਰਮ ਅਨੁਸਾਰ ਤਿਆਰੇ ਕਰ ਗੁਰਦੁਆਰਾ ਸਾਹਿਬ ਮਟੰਗਾ ਪੁਜੀਆਂ ਅਤੇ ਅੰਮ੍ਰਿਤ ਵੇਲੇ ੫ ਵਜੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਬੜਾ ਹੀ ਚੜ੍ਹਦੀ ਕਲਾ ਵਿਚ ਕੀਰਤਨ ਹੋਇਆ। ੧੨ ਵਜੇ ਕੀਰਤਨ ਦੀ ਸਮਾਪਤੀ ਮਗਰੋਂ ਗੁਰੂ ਕਾ ਲੰਗਰ ਉਥੇ ਛਕ ਸੰਗਤਾਂ ਗੁਰਦੁਆਰਾ ਸਾਹਿਬ ਦਾਦਰ ਪੁਜੀਆਂ ਅਤੇ ਰਾਤ ਦੀ ਰੈਣ ਸਬਾਈ ਲਈ ਅੜਿੰਗ


www.AKJ.Org

ਬੜਿੰਗ ਹੋ ਗਇਆ ਤਾਂ ਕਿ ਰਾਤ ਨੂੰ ਅਟਲ ਚੌਂਕੜੇ ਲਗ ਸਕਣ।

## ਗੁਰਦੁਆਰਾ ਸਾਹਿਬ ਦਾਦਰ ਵਿਖੇ ਅੰਮ੍ਰਿਤ ਸੰਚਾਰ ਅਤੇ ਰੈਣ ਸਬਾਈ ਕੀਰਤਨ

ਸ਼ਾਮ ਨੂੰ ਅੰਮ੍ਰਿਤ ਸੰਚਾਰ ਲਈ ਗੁਰੂ ਰੂਪ ਪੰਜ ਪਿਆਰਿਆਂ ਦੀ ਚੋਣ ਕੀਤੀ ਗਈ ਅਤੇ ਸ਼ਾਮ ੪ ਵਜੇ ਪੇਸ਼ੀਆਂ ਪੈਣੀਆਂ ਸ਼ੁਰੂ ਹੋ ਗਈਆਂ ਅਤੇ ਰਾਤ ਦੇ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਇਆ। ਕੀਰਤਨ ਬੜੀ ਹੀ ਚੜ੍ਹਦੀ ਕਲਾ ਵਿਚ ਹੋਇਆ ਜਿਸ ਦਾ ਜ਼ਿਕਰ ਕਰਨਾ ਔਖਾ ਹੈ। ਅੰਮ੍ਰਿਤ ਦੀ ਦਾਤ ੨੭ ਵਿਅਕਤੀਆਂ ਨੇ ਪ੍ਰਾਪਤ ਕੀਤੀ ਇਨ੍ਹਾਂ ਵਿਚ ਇਕ ਟਬਰ ਸਹਿਜਧਾਰੀ ਸਿੰਘਾਂ ਦਾ ਭੀ ਹੈ ਜਿਨਾਂ ਦਾ ਨਾਉਂ ਸ੍ਰੀ ਹੰਸ ਰਾਜ ਅਤੇ ਸਤੀਸ਼ ਬਾਲਾ ਹੈ, ਇਨ੍ਹਾਂ ਦੇ ਨਾਲ ਦੋ ਬਚੇ ਭੀ ਸਨ। ਧੰਨ ਹੈ ਇਹ ਪ੍ਰਵਾਰ ਜਿਨ੍ਹਾਂ ਦੀ ਬਾਂਹ ਸਤਿਗੁਰੂ ਨੇ ਆਪ ਫੜ ਜਹਾਜ਼ੇ ਚੜਾਇਆ ਹੈ ਅਰਥਾਤ:—

ਦੀਨ ਦਿਆਲ ਭਰੋਸੇ ਤੇਰੇ।
ਸਭ ਪ੍ਰਵਾਰੁ ਚੜਾਇਆ ਬੇੜੇ ॥

ਅੰਮ੍ਰਿਤ ਵੇਲੇ ਮਿਤੀ ੮-੧੦-੬੭ ਨੂੰ ੭ ਬਜੇ ਰੈਣ ਸਬਾਈ ਕੀਰਤਨ ਦਾ ਭੋਗ ਪਾਇਆ ਗਿਆ। ਸਮਾਪਤੀ ਉਪਰੰਤ ਅਖੰਡ ਕੀਰਤਨੀ ਜਥਾ ਬੰਬਈ ਵਲੋਂ ੫੦੦ ਰੁਪੈ ਯਾਤਰੂ ਜਥੇ ਨੂੰ ਮਾਸਕ ਪੱਤਰ ਸੂਰਾ ਲਈ ਭੇਟਾ ਕੀਤੇ ਗਏ ਅਤੇ ਯਾਤਰੂਆਂ ਦਾ ਧੰਨਵਾਦ ਕੀਤਾ ਗਿਆ। ਜਿਤਨੀ ਸੇਵਾ ਬੰਬਈ ਨਿਵਾਸੀ ਸੰਗਤ ਨੇ ਕੀਤੀ, ਇਹ ਆਪਣੀ ਮਸਾਲ ਆਪ ਹੀ ਹੈ ਕਿ ਪਾਣੀ ਦੀ ਤੰਗੀ ਨੂੰ ਮੁਖ ਰਖਦੇ ਹੋਏ ਆਖਰੀ ਦਿਨ ਲਈ ੨੦੦ ਰੁਪੈ ਦੀ ੨ ਇੰਚ ਦੀ ਨਾਲ ਲੈਣ ਲਈ ਮਿਉਂਸਪਲ ਕਮੇਟੀ ਨੂੰ ਕਰਾਏ ਵਜੋਂ ਇਕ ਦਿਨ ਲਈ ਦਿਤੇ ਤਾਂ ਕਿ ਸੰਗਤ ਨੂੰ ਤਕਲੀਫ ਨਾ ਹੋਵੇ। ਸੂਰੇ ਦੀ ਸਹਾਇਤਾ ਦੀ ਭੀ ਰੀਕਾਰਡ ਇਨ੍ਹਾਂ ਦਾ ਹੀ ਹੈ ਕਿ ਬੰਬਈ ਨੇ ੬੦੧ ਰੁਪੈ ਭੇਟਾ ਕੀਤੇ। ਦੀਵਾਨ ਦੀ ਸਮਾਪਤੀ ਮਗਰੋਂ ਸੰਗਤਾਂ ਨੂੰ ਸਮੁੰਦਰ ਅਤੇ ਮਿਠਾਈ ਆਦਿ ਛਕਾਈ ਗਈ ਅਤੇ ਨਾਲ ਲਈ ਫਰੂਟ ਬਸਾਂ ਵਿਚ ਰਖ ਦਿਤੇ ਗਏ। ਯਾਤਰੂ ਛਕਣ ਮਗਰੋਂ ਮਿੰਟਾਂ ਵਿਚ ਹੀ ਆਪਣਾ ਸਾਮਾਨ ਇਕਠਾ ਕਰ ਬਸਾਂ ਪਰ ਲਦ ਦਿਤਾ ਅਤੇ ਪੂਨੇ ਲਈ ਕਮਰਕਸੇ ਕਰ ਲਏ।

## ਪੂਨੇ ਲਈ ਤਿਆਰੇ ਅਤੇ ਬੰਬਈ ਤੋਂ ਵਿਦਾਇਗੀ

ਠੀਕ ੮ ਵਜੇ ਜੈਕਾਰਿਆਂ ਦੀ ਗੂੰਜ ਵਿਚ ਬੰਬਈ ਦੀ ਸੰਗਤ ਨੇ ਯਾਤਰੂਆਂ ਨੂੰ ਵਿਦਾ ਕੀਤਾ ਅਤੇ ਬਸਾਂ ਨੇ ਪੂਨੇ ਲਈ ਚਾਲੇ ਪਾਏ। ਸਾਡੀਆਂ ਬਸਾਂ ਸਪ ਵਲ ਖਾਂਦੀਆਂ ਅਤੇ ਪਹਾੜਾਂ ਦੀ ਚੜਾਈ ਚੜਦੀਆਂ ਖੰਡੋਲਾ ਘਾਟ ਪੁਜੀਆਂ। ਖੰਡੋਲਾ ਘਾਟ ਦੀ ਚੜ੍ਹਾਈ ਸਭ ਤੋਂ ਜ਼ਿਆਦਾ ਉਚੀ ਚੜ੍ਹਾਈ ਹੈ ਅਤੇ ਹਿੰਦੋਸਤਾਨ ਵਿਚੋਂ ਸਭ ਤੋਂ ਸਖਤ ਚੜਾਈ ਹੈ। ਇਥੇ ਆਕੇ ਬਸਾਂ ਭੀ ਔਖੀਆਂ ਚੜ੍ਹਾਈ ਚੜ੍ਹੀਆਂ ਕਿਉਂਕਿ ਵਜ਼ਨ ਜ਼ਿਆਦਾ ਸੀ। ਠੀਕ ਇਕ ਵਜੇ ਦੋਪੈਹਰ ਬਸਾਂ ਲੋਨਵਾਲਾ ਪੁਜੀਆਂ ਜਿਥੇ ਕਿ ਦੋਪੈਹਰ ਦੇ ਲੰਗਰ ਦਾ ਪਰਬੰਧ ਸੀ। ਇਹ ਪਰਬੰਧ ਸ: ਸੁਜਾਨ ਸਿੰਘ ਜੀ ਬੰਬਈ ਨਿਵਾਸੀ ਵਲੋਂ ਸੀ ਜਿਨ੍ਹਾਂ ਦਾ ਜ਼ਿਕਰ ਪਹਿਲੇ ਭੀ ਆ ਚੁਕਾ ਹੈ ਕਿ ਮਿਤੀ ੬-੧੦-੬੭ ਨੂੰ ਖਾਲਸਾ ਕਾਲੋਨੀ ਬੰਬਈ ਵਿਖੇ ਇਕ ਸਿੰਘ ਸਾਹਿਬ ਦੇ ਘਰ ਸਪੈਸ਼ਲ ਕੀਰਤਨ ਦਾ ਪ੍ਰੋਗ੍ਰਾਮ


www.AKJ.Org

ਰਖਿਆ ਗਿਆ ਅਤੇ ਉਨ੍ਹਾਂ ਨੇ ਸੰਗਤਾਂ ਦੀ ਡਟ ਕੇ ਸੇਵਾ ਕੀਤੀ ਸੀ। ਉਨ੍ਹਾਂ ਸਿੰਘ ਸਾਹਿਬ ਨੇ ਹੀ ਇਥੇ ਲੰਗਰ ਦਾ ਪਰਬੰਧ ਬੰਬਈ ਤੋਂ ਆਕੇ ਪਹਿਲੇ ਹੀ ਕਰ ਰਖਿਆ ਸੀ। ਲੰਗਰ ਛਕਣ ਮਗਰੋਂ, ਸੰਗਤਾਂ ਨੂੰ ਗੁਰਦੁਆਰਾ ਸਾਹਿਬ ਲੈ ਜਾਇਆ ਗਿਆ ਜਿਹੜਾ ਨੇੜੇ ਹੀ ਸੀ। ਸੰਗਤਾਂ ਨੇ ਕੀਰਤਨ ਆਰੰਭ ਕਰ ਕਰ ਦਿਤਾ ਕੀਰਤਨ ਦਾ ਭੋਗ ੩ ਵਜੇ ਪਾਇਆ ਗਿਆ ਅਤੇ ਯਾਤਰੂਆਂ ਨੂੰ ਫਰੂਟ ਵੰਡੇ ਗਏ। ਸੰਗਤਾਂ ਨੇ ਫਰੂਟ ਛਕਣ ਸਾਰ ਪੂਨੇ ਲਈ ਤਿਆਰੇ ਕਰ ਲਏ। ਬਸਾਂ ਇਤਨੀ ਤੇਜ਼ੀ ਨਾਲ ਜਾ ਰਹੀਆਂ ਸਨ ਕਿ ਮਿੰਟਾਂ ਵਿਚ ਹੀ ਰਸਤਾ ਤਹਿ ਕਰ ਲੈਣਗੀਆਂ। ਪਲੋ ਪਲ ਵਿਚ ਹੀ ਸਾਢੇ ੪ ਵਜੇ ਸ਼ਾਮ ਪੂਨੇ ਜਾ ਪੁਜੇ।

## ਪੂਨੇ ਦੀ ਸੰਗਤ ਵਲੋਂ ਸਵਾਗਤ ਅਤੇ ਕੀਰਤਨ

ਖ਼ਾਲਸਾ ਹਾਈ ਸਕੂਲ ਪੂਨਾ ਪੂਨੇ ਦੀਆਂ ਸੰਗਤਾਂ ਇੰਤਜ਼ਾਰ ਵਿਚ ਖੜੀਆਂ ਉਡੀਕ ਰਹੀਆਂ ਸਨ। ਬਸਾਂ ਨੂੰ ਦੇਖਦਿਆਂ ਹੀ ਸੰਗਤਾਂ ਖੁਸ਼ੀ ਵਿਚ ਜੈਕਾਰੇ ਗਜਾਉਣ ਲਗ ਗਈਆਂ ਅਤੇ ਨਾਲ ਦੀ ਨਾਲ ਇਸ ਸ਼ਬਦ ਨਾਲ ਸਵਾਗਤ ਹੋਇਆ :—

ਆਉ ਜੀ ਤੂੰ ਆਉ ਹਮਾਰੈ।
ਹਰਿ ਜਸੁ ਸ੍ਰਵਨੀ ਸੁਨਾਵਨਾ ॥

ਬੜੀ ਚੜਦੀ ਕਲਾ ਵਿਚ ਸ਼ਬਦ ਦਾ ਕੀਰਤਨ ਹੋ ਰਿਹਾ ਸੀ ਅਤੇ ਪੂਨੇ ਨਿਵਾਸੀ ਸੰਗਤਾਂ ਦੇ ਭੀ ਅਖਾਂ ਵਿਚੋਂ ਖੁਸ਼ੀ ਦੇ ਅਥਰੂ ਡਿਗਦੇ ਵੇਖੇ ਗਏ। ਇਸ ਸ਼ਬਦ ਦੀ ਸਮਾਪਤੀ ਮਗਰੋਂ ਯਾਤਰਾ ਸੰਗਤ ਵਲੋਂ ਇਸ ਸ਼ਬਦ ਦਾ ਉਚਾਰਨ ਹੋਇਆ:—

ਗੁਰਮੁਖ ਸਖੀਆ ਸਿਖ ਗੁਰੂ ਮੇਲਾਈਆ
... ... ... ...
ਗੁਰਸਿਖਾ ਇਕੋ ਪਿਆਰ ਗੁਰੁ ਮਿਤਾ ਪੁਤਾ ਭਾਈਆ
... ... ... ...

ਇਸ ਸ਼ਬਦ ਦਾ ਭੀ ਉਚਾਰਨ ਚੜਦੀ ਕਲਾ ਵਿਚ ਹੋਇਆ ਅਤੇ ਇਹ ਪਤਾ ਹੀ ਨਾ ਲਗਾ ਕਿ ਕਦ ਦੂਜਾ ਸ਼ਬਦ ਨਾਲ ਹੀ ਨਾਲ ਸ਼ੁਰੂ ਹੋ ਗਿਆ :—


ਜਿਨ੍ਹਾ ਦਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ

ਪੂਨੇ ਦੀ ਸੰਗਤ ਵਲੋਂ ਯਾਤਰੂਆਂ ਦੇ ਗਲਾਂ ਵਿਚ ਫ਼ੁਲਾਂ ਦੇ ਹਾਰ ਪਾਏ ਗਏ ਅਤੇ ਸਕੂਲ ਦੀ ਛਤ ਉਪਰੋਂ ਰੰਗ ਬਰੰਗੇ ਫੁਲਾਂ ਦੀ ਵਰਖਾ ਕੀਤੀ ਗਈ। ਸਕੂਲ ਦੀ ਹਦ ਅੰਦਰ ਵੜਨ ਸਾਰ ਹੀ ਵੇਹੜੇ ਵਿਚ ਯਾਤਰੂ ਸੰਗਤ ਦੀ ਗਰੁਪ ਫੋਟੋ ਉਤਾਰੀ ਗਈ। ਸੰਗਤ ਦਾ ਉਤਾਰਾ ਅਤੇ ਲੰਗਰ ਉਥੇ ਹੀ ਸੀ। ਸੰਗਤਾਂ ਲੰਗਰ ਛਕ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੂਨਾ ਵਿਖੇ ਪਹੁੰਚ ਗਈਆਂ ਅਤੇ ਰੈਣ ਸਬਾਈ ਕੀਰਤਨ ਆਰੰਭ ਦਿਤਾ ਗਿਆ। ਗੁਰੂ ਰੂਪ ਪੰਜ ਪਿਆਰਿਆਂ ਨੇ ਭੀ ਇਸ਼ਨਾਨੇ ਸੋਧ ਅੰਮ੍ਰਿਤ ਸੰਚਾਰ ਲਈ ਤਿਆਰੀ ਆਰੰਭ ਦਿਤੀ ਗਈ। ੧੯ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸਾਰੀ ਰਾਤ ਬੜਾ ਹੀ ਆਨੰਦ ਮਈ ਕੀਰਤਨ ਹੋਇਆ ਅਤੇ ਮਿਤੀ ੯-੧੦-੬੭ ਨੂੰ ਅੰਮ੍ਰਿਤ ਵੇਲੇ ਸਾਢੇ ੫ ਵਜੇ ਰੈਣ ਸਬਾਈ ਦਾ ਭੋਗ ਪਾਇਆ ਗਿਆ। ਸੰਗਤਾਂ ਨੇ ਬਨਫਸ਼ਾ ਅਤੇ ਨਾਲ ਹੀ ਪੇਟ ਅਧਾਰ ਲਈ ਕੁਝ ਮਠੀਆਂ ਛਕ ਗੁਰਦੁਆਰਾ ਨਾਨਕ ਝੀਰਾ ਬਿਦਰ ਲਈ ਕਮਰ ਕਸੇ ਕਰ ਲਏ। (ਚਲਦਾ)



www.AKJ.Org


## ਅਖੰਡ ਕੀਰਤਨੀ ਜਥਾ (ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)



ਇਹ ਜਥਾ ਪਵਿਤਰ ਗੁਰਧਾਮਾਂ ਦੀ ਯਾਤਰਾ ਕਰਦਾ 8-10-67 ਨੂੰ ਪੂਨੇ ਪੁਜਾ ਤਾਂ ਸੰਗਤਾਂ ਵਲੋਂ ਨਿੱਘਾ ਸੁਆਗਤ ਕੀਤਾ ਗਿਆ ।

www.AKJ.Org

# ਅਖੰਡ ਕੀਰਤਨੀ ਜਥਾ (ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)



ਇਹ ਜਥਾ ਪਵਿਤਰ ਗੁਰਧਾਮਾਂ ਦੀ ਯਾਤਰਾ ਕਰਦਾ 8-10-67 ਨੂੰ ਪੂਨੇ ਪੁਜਾ ਤਾਂ ਸੰਗਤਾਂ ਵਲੋਂ ਨਿੱਘਾ ਸੁਆਗਤ ਕੀਤਾ ਗਿਆ ।

www.AKJ.Org

ਜੇ ਆਪ ਸੱਚ ਦੇ ਖੋਜੀ ਹੋ,
ਜੇ ਆਪ ਜਾਨਣਾ ਚਾਹੁੰਦੇ ਹੋ,
ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ
ਅਕਾਲ-ਪੁਰਖ ਦੇ ਗੁਣਾਂ ਦੀ ਪੂਜਾ
ਕਿਵੇਂ ਹੈ ? ਤਾਂ ਇਹ ਪੁਸਤਕ

ਕੀ

# ਗੁਰੂ ਗ੍ਰੰਥ ਸਾਹਿਬ ਦੀ ਪੂਜਾ

## ਬੁਤ ਪ੍ਰਸਤੀ ਹੈ ?

ਜ਼ਰੂਰ ਪੜ੍ਹੋ ।

ਭੇਟਾ 1-50

ਮਿਲਣ ਦਾ ਪਤਾ—
ਡਾਕ ਖਰਚ ਵਖਰਾ

ਸੂਰਾ ਪੁਸਤਕ ਭੰਡਾਰ, ਰਾਘੋ ਮਾਜਰਾ,
ਪਟਿਆਲਾ ।

www.AKJ.org